ਵਰਿਆਮ

ਦਸੰਬਰ 1975

Monthly
WARIAM
December, 1975



1-00

ਧਰਮ ਹੇਤ ਸਾਕਾ ਜਿਨਿ ਕੀਆ

ਤੁਹਾਡਾ ਪੰਨਾ

ਪਿਆਰੇ ਜਗਦੀਸ਼ ਸਿੰਘ

ਆਪ ਜੀ ਦਾ ਮਾਸਿਕ ਪੱਤਰ ਵਰਿਆਮ ਮਿਲਿਆ, ਵੇਖ ਕੇ ਬੜੀ ਪ੍ਰਸੰਨਤਾ ਹੋਈ ।

ਇਸ ਸਫਲਤਾ ਦੀ ਮੈਂ ਆਪ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਸਤਿਗੁਰ ਸਚੇ ਪਾਤਸ਼ਾਹ ਵਰਿਆਮ ਨੂੰ ਚਿਰੰਜੀਵਤਾ ਬਖਸ਼ਣ ।

ਆਤਮਾ ਸਿੰਘ ਸਨਖਤਰਵੀ

ਸ਼੍ਰੀ ਜੀਵਨ ਨਗਰ ਐਡੀਟਰ ਸਤਿਜੁਗ

— —

ਸੰਪਾਦਿਕ ਜੀਓ,

ਵਰਿਆਮ ਦਾ ਪਹਿਲਾ ਅੰਕ ਪੜ੍ਹਿਆ । ਨਿਸ਼ਚੇ ਹੀ ਸਲਾਹੁਣ ਯੋਗ ਕਦਮ ਹੈ । ਨਵੇਰੀ ਸਭਿਆਚਾਰਕ ਅਤੇ ਆਚਾਰਆਤਮਕ ਪ੍ਰਵਰਤੀ ਦੇ ਖੇਤਰ ਵਿਚ ਮੀਲ ਪੱਥਰ ਸਿਧ ਹੋਵੇਗਾ । ਅਗੇਰੀ ਤਰੱਕੀ ਤੇ ਹਰਮਨ ਪਿਆਰਤਾ ਲਈ ਢੇਰ ਸ ਰੀਆਂ ਸੁਭ ਇਛਾਵਾਂ ਸਹਿਤ ।

ਬਲਬੀਰ ਆਤਸ਼
ਖੰਨਾ

———

ਸਤਿਕਾਰ ਯੋਗ ਜਗਦੀਸ਼ ਸਿੰਘ ਜੀ,

'ਵਰਿਆਮ' ਮਿਲਿਆ, ਟਾਈਟਲ ਦੀ ਦਿੱਖ ਵੇਖ ਕੇ ਮਨ ਬਾਗ਼ ਬਾਗ਼ ਹੋ ਗਿਆ ।

ਮਹਿੰਗਾਈ ਦੇ ਇਸ ਯੁਗ ਵਿਚ ਸਾਹਿਤਿਕ ਪਰਚਾ ਕਢਣਾ ਤੇ ਉਹ ਭੀ ਧੜੇਬੰਦੀਆਂ ਤੋਂ ਪਰ੍ਹੇ ਰਹਿ ਕੇ ਕਿਸੇ 'ਵਰਿਆਮ' ਹਸਤੀ ਦੀ ਕਰਾਮਾਤ ਹੀ ਤਾਂ ਹੈ—

ਮੇਰੀ ਕਾਮਨਾ ਹੈ ਕਿ 'ਵਰਿਆਮ' ਏਨਾਂ ਚੰਗਾ ਸਾਹਿਤਿਕ ਪਰਚਾ ਬਣੇ ਕਿ ਇਸ ਵਿਚ ਛਪਣਾ ਇਕ ਸੁਭਾਗਾ ਸ਼ਗਨ ਲੱਗੇ ।

ਤੁਹਾਡਾ—

ਰਾਮਪੁਰ ਮਹਿੰਦਰ ਰਾਮਪੁਰੀ

— —

ਪਿਆਰੇ ਦੋਸਤ, ਤੇਰੀ ਜਿੰਦਾ ਦਿਲੀ ਦਾ ਸਬੂਤ ਤੇਰਾ ਨਵ ਜੰਮਿਆ ਵਰਿਆਮ, ਪ੍ਰਾਪਤ ਹੋਇਆ । ਇਸ ਨੂੰ ਸਾਰਾ ਪੜ੍ਹਨ ਤੋਂ ਇਉਂ ਮਲੂਮ ਹੋਇਆ, ਜਿਵੇਂ ਇਹ ਨਵ ਜੰਮਿਆਂ ਨਾ ਸਗੋਂ 18 ਸਾਲ ਦੀ ਉਮਰ ਦਾ ਭਰ ਜੁਆਨ ਹੋਵੇ । ਧਰਮ ਦੀ ਦ੍ਰਿੜ੍ਹਤਾ, ਸਮਾਜਕ ਸੇਧ ਤੇ ਸਮਾਜੀ ਗਿਰਾਵਟਾਂ, ਮਨੋਰੰਜਨ, ਵਿਗਿਆਨ, ਅਤੇ ਵਿਅੰਗ, ਗਲ ਕੀ ਮਨੁਖ ਦੇ ਹਰ ਪੱਖ ਨੂੰ ਛੁਹਿਆ ਹੈ । ਇਸ ਪਹਿਲੇ ਪਰਚੇ ਦਾ ਨਰੋਆ ਸਾਹਿਤ ਤੇਰੇ ਵਰਿਆਮ ਦੇ ਸਡੌਲ ਅੰਗਾਂ ਦਾ ਪ੍ਰਤੀਕ ਹੈ । ਬੇਸ਼ਕ ਪੱਤਰਕਾਰੀ ਦਾ ਰਾਹ ਟੇਢਾ ਹੈ, ਪਰ ਆਸ ਹੈ ਤੇਰੇ ਵਿਸ਼ਵਾਸ਼ ਦੀਆਂ ਲੰਮੀਆਂ ਉਲਾਂਘਾਂ ਛੇਤੀ ਹੀ ਮੰਜ਼ਲਾਂ ਮਾਹ ਲੈਣਗੀਆਂ ।

ਸੁਭ ਕਾਮਨਾਵਾਂ ਸਹਿਤ ਤੇਰਾ ਆਪਣਾ

ਸੰਤ ਨਗਰ ਸੰਤੋਖ ਸਿੰਘ ਸਾਜਨ

— —

ਬਾਕੀ : ਆਖੀਰ ਟਾਈਟਲ ਦੇ ਅੰਦਰ

ਤੁਹਾਡਾ ਪੰਨਾ

ਪਿਆਰੇ ਜਗਦੀਸ਼ ਸਿੰਘ

ਆਪ ਜੀ ਦਾ ਮਾਸਿਕ ਪੱਤਰ ਵਰਿਆਮ ਮਿਲਿਆ, ਵੇਖ ਕੇ ਬੜੀ ਪ੍ਰਸੰਨਤਾ ਹੋਈ।

ਇਸ ਸਫਲਤਾ ਦੀ ਮੈਂ ਆਪ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਸਤਿਗੁਰ ਸਚੇ ਪਾਤਸ਼ਾਹ ਵਰਿਆਮ ਨੂੰ ਚਿਰੰਜੀਵਤਾ ਬਖਸ਼ਣ।

ਆਤਮਾ ਸਿੰਘ ਸਨਖਤਰਵੀ

ਸ਼੍ਰੀ ਜੀਵਨ ਨਗਰ — ਐਡੀਟਰ ਸਤਿਜੁਗ

— —

ਸੰਪਾਦਿਕ ਜੀਓ,

ਵਰਿਆਮ ਦਾ ਪਹਿਲਾ ਅੰਕ ਪੜ੍ਹਿਆ। ਨਿਸ਼ਚੇ ਹੀ ਸਲਾਹੁਣ ਯੋਗ ਕਦਮ ਹੈ। ਨਵੇਰੀ ਸਭਿਆਚਾਰਕ ਅਤੇ ਆਚਾਰਆਤਮਕ ਪ੍ਰਵਿਰਤੀ ਦੇ ਖੇਤਰ ਵਿਚ ਮੀਲ ਪੱਥਰ ਸਿਧ ਹੋਵੇਗਾ। ਅਜੇਹੀ ਤਰੱਕੀ ਤੇ ਹਰਮਨ ਪਿਆਰਤਾ ਲਈ ਢੇਰ ਸ ਰੀਆਂ ਸੁਭ ਇਛਾਵਾਂ ਸਹਿਤ।

ਬਲਬੀਰ ਆਤਸ਼
ਖੰਨਾ

——

ਤਿਕਾਰ ਯੋਗ ਜਗਦੀਸ਼ ਸਿੰਘ ਜੀ,

'ਵਰਿਆਮ' ਮਿਲਿਆ, ਟਾਈਟਲ ਦੀ ਦਿੱਖ ਵੇਖ ਕੇ ਨ ਬਾਗ ਬਾਗ ਹੋ ਗਿਆ।

ਮਹਿੰਗਾਈ ਦੇ ਏਸ ਯੁਗ ਵਿਚ ਸਾਹਿਤਿਕ ਪਰਚਾ ਛਣਾ ਤੇ ਉਹ ਭੀ ਧੜੇਬੰਦੀਆਂ ਤੋਂ ਪਰ੍ਹੇ ਰਹਿ ਕੇ ਕਿਸੇ ਰਿਆਮ' ਹਸਤੀ ਦੀ ਕਰਾਮਾਤ ਹੀ ਤਾਂ ਹੈ—

ਮੇਰੀ ਕਾਮਨਾ ਹੈ ਕਿ 'ਵਰਿਆਮ' ਏਨਾਂ ਚੰਗਾ ਸਾਹਿਤਿਕ ਪਰਚਾ ਬਣੇ ਕਿ ਇਸ ਵਿਚ ਛਪਣਾ ਇਕ ਸੁਭਾਗਾ ਸ਼ਗਨ ਲੱਗੇ।

ਤੁਹਾਡਾ—

ਰਾਮਪੁਰ — ਮਹਿੰਦਰ ਰਾਮਪੁਰੀ

— —

ਪਿਆਰੇ ਦੋਸਤ, ਤੇਰੀ ਜਿੰਦਾ ਦਿਲੀ ਦਾ ਸਬੂਤ ਤੇਰਾ ਨਵ ਜੰਮਿਆ ਵਰਿਆਮ, ਪ੍ਰਾਪਤ ਹੋਇਆ। ਇਸ ਨੂੰ ਸਾਰਾ ਪੜ੍ਹਨ ਤੋਂ ਇਉਂ ਮਲੂਮ ਹੋਇਆ, ਜਿਵੇਂ ਇਹ ਨਵ ਜੰਮਿਆਂ ਨਾ ਸਗੋਂ 18 ਸਾਲ ਦੀ ਉਮਰ ਦਾ ਭਰ ਜੁਆਨ ਹੋਵੇ। ਧਰਮ ਦੀ ਦ੍ਰਿੜ੍ਹਤਾ, ਸਮਾਜਕ ਸੇਦ ਤੇ ਸਮਾਜੀ ਗਿਰਾਵਟਾਂ; ਮਨੋਰੰਜਨ, ਵਿਗਿਆਨ, ਅਤੇ ਵਿਅੰਗ, ਗਲ ਕੀ ਮਨੁਖ ਦੇ ਹਰ ਪੱਖ ਨੂੰ ਛੁਹਿਆ ਹੈ। ਇਸ ਪਹਿਲੇ ਪਰਚੇ ਦਾ ਨਰੋਆ ਸਾਹਿਤ ਤੇਰੇ ਵਰਿਆਮ ਦੇ ਸਡੌਲ ਅੰਗਾਂ ਦਾ ਪ੍ਰਤੀਕ ਹੈ। ਬੇਸ਼ਕ ਪੱਤਰਕਾਰੀ ਦਾ ਰਾਹ ਟੇਢਾ ਹੈ, ਪਰ ਆਸ ਹੈ ਤੇਰੇ ਵਿਸ਼ਵਾਸ਼ ਦੀਆਂ ਲੰਮੀਆਂ ਉਲਾਂਘਾਂ ਛੇਤੀ ਹੀ ਮੰਜ਼ਲਾ ਮਾਹ ਲੈਣਗੀਆਂ।

ਸ਼ੁਭ ਕਾਮਨਾਵਾਂ ਸਾਹਿਤ ਤੇਰਾ ਆਪਣਾ

ਸੰਤ ਨਗਰ — ਸੰਤੋਖ ਸਿੰਘ ਸਾਜਨ

— –

ਬਾਕੀ : ਆਖੀਰ ਟਾਈਟਲ ਦੇ ਅੰਦਰ

ਮਾਸਕ

ਵਰਿਆਮ

ੰਬਰ 1975

ਜਿਲਦ ਨੰਬਰ : 1 ਅੰਕ ਨੰਬਰ : 2

ਨੰ:			ਪੰਨਾ
1.	ਤੇਗ ਬਹਾਦੁਰ ਸਤਿਗੁਰੂ (ਕਵਿਤਾ)	ਚਕ੍ਰਵਰਤੀ	1
2.	ਮਹਾਨ ਕੁਰਬਾਨੀ (ਲੇਖ)	ਜਗਦੀਸ਼ ਸਿਘ	2
3.	ਗੁਰੂ ਤੇਗ ਬਹਾਦੁਰ ਦੀ ਬਾਣੀ 'ਚ ਤਿਆਗ (ਲੇਖ)	ਕੁਲਦੀਪ ਸਿੰਘ ਬੇਦੀ	3
4.	ਗੋਡੀਵਾ (ਕਵਿਤਾ,	ਸੰਤੋਖ ਸਿੰਘ ਧੀਰ	6
5.	ਨਿਕਾ ਜਿਹਾ ਮੁੰਡਾ (ਕਹਾਣੀ)	ਪਰੇਮ ਗੋਰਖੀ	9
6.	ਬੰਗਲਾ ਦੇਸ਼ (ਲੇਖ)	ਬਲਜੀਤ ਪਨੂੰ	11
7.	ਡਾਚੀਆਂ ਤੇ ਸ਼ਹਿਜ਼ਾਦੇ (ਕਹਾਣੀ)	ਕ੍ਰਿਸ਼ਨ ਕੁਮਾਰ ਰੱਤੂ	16
8.	ਡਾ: ਸੱਤ ਟੰਡਨ (ਲੇਖ)	ਪ੍ਰੀਤਮ ਸਿੰਘ ਕਵੀ	19
9.	ਵੱਡਾ ਦਿਨ (ਲੇਖ)	ਪ੍ਰੋ. ਸੁਰਿੰਦਰ ਅਗਿਆਤ	22
10.	ਲਖੀ ਸ਼ਾਹ ਦਾ ਜੀਵਨ (ਲੇਖ)	ਗੁਲਚਰਨ ਸਿੰਘ	24
11.	ਗੁਰੂ ਤੇਗ ਬਹਾਦਰ (ਇਕ ਸੰਗੀਤਕਾਰ ਦੀ ਦਰਿਸ਼ਟੀ ਵਿਚ)	ਪ੍ਰੋ: ਜੋਗਿੰਦਰ ਬਾਵਰਾ	26
12.	ਜਗਤ ਮਾਤਾ ਗੁਜਰੀ (ਲੇਖ)	ਤੇਜਾ ਸਿੰਘ	28
13.	ਝਰੀਟਾਂ (ਵਿਅੰਗ)	ਦਲਬੀਰ	30
14.	ਖੇਡਾਂ	ਨਰਾਇਣ	32
15.	ਰੰਗ ਮੰਚ	ਅਵਤਾਰ ਸਿੰਘ	34
16.	ਸਾਹਿਤ ਸਮਾਚਾਰ		35
17.	ਸ਼ਰਧਾਂਜਲੀਆਂ		36

ਾਦਕ :
ਗਦੀਸ਼ ਸਿੰਘ

5 ਪ੍ਰਤੀ ਕਾਪੀ : 1 ਰੁਪਿਆ
ਾ ਸਾਲਾਨਾ : 12 ਰੁਪਏ
ਤੀਫ ਮੈਂਬਰਸ਼ਿਪ : 200 ਰੁਪਏ

ਰ ਪ੍ਰਿੰਟਰ ਤੇ ਪ੍ਰਕਾਸ਼ਕ
ਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼
ਲੀ ਰੋਡ ਜਲੰਧਰ ਤੋਂ
ਦਫਤਰ ਵਰਿਆਮ ਲਾਡੋ-
ਰੋਡ ਜਲੰਧਰ ਤੋਂ ਪ੍ਰਕਾਸ਼ਤ

ਮਾਸਕ

ਵਰਿਆਮ

ਤਸੰਬਰ 1975

ਜਿਲਦ ਨੰਬਰ : 1 ਅੰਕ ਨੰਬਰ : 2

ਸੰਪਾਦਕ :
ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ : 1 ਰੁਪਿਆ
ਚੰਦਾ ਸਾਲਾਨਾ : 12 ਰੁਪਏ
ਲਾਈਫ ਮੈਂਬਰਸ਼ਿਪ : 200 ਰੁਪਏ

ਨੰ:			ਪੰਨਾ
1.	ਤੇਗ ਬਹਾਦੁਰ ਸਤਿਗੁਰੂ (ਕਵਿਤਾ)	ਚਕ੍ਰਵਰਤੀ	1
2.	ਮਹਾਨ ਕੁਰਬਾਨੀ (ਲੇਖ)	ਜਗਦੀਸ਼ ਸਿਘ	2
3.	ਗੁਰੂ ਤੇਗ ਬਹਾਦੁਰ ਦੀ ਬਾਣੀ 'ਚ ਤਿਆਗ (ਲੇਖ)	ਕੁਲਦੀਪ ਸਿੰਘ ਬੇਦੀ	3
4.	ਗੋਡੀਵਾ (ਕਵਿਤਾ,	ਸੰਤੋਖ ਸਿੰਘ ਧੀਰ	6
5.	ਨਿਕਾ ਜਿਹਾ ਮੁੰਡਾ (ਕਹਾਣੀ)	ਪਰੇਮ ਗੋਰਖੀ	9
6.	ਬੰਗਲਾ ਦੇਸ਼ (ਲੇਖ)	ਬਲਜੀਤ ਪਨੂੰ	11
7.	ਡਾਰੀਆਂ ਤੇ ਸ਼ਹਿਜ਼ਾਦੇ (ਕਹਾਣੀ)	ਕ੍ਰਿਸ਼ਨ ਕੁਮਾਰ ਰੱਤੂ	16
8.	ਡਾ: ਸੱਤ ਟੰਡਨ (ਲੇਖ)	ਪ੍ਰੀਤਮ ਸਿੰਘ ਕਵੀ	19
9.	ਵੱਡਾ ਦਿਨ (ਲੇਖ)	ਪ੍ਰੋ. ਸੁਰਿੰਦਰ ਅਗਿਆਤ	22
10.	ਲਖੀ ਸ਼ਾਹ ਦਾ ਜੀਵਨ (ਲੇਖ)	ਗੁਲਚਰਨ ਸਿੰਘ	24
11.	ਗੁਰੂ ਤੇਗ ਬਹਾਦਰ (ਇਕ ਸੰਗੀਤਕਾਰ ਦੀ ਦਰਿਸ਼ਟੀ ਵਿਚ)	ਪ੍ਰੋ: ਜੋਗਿੰਦਰ ਬਾਵਰਾ	26
12.	ਜਗਤ ਮਾਤਾ ਗੁਜਰੀ (ਲੇਖ)	ਤੇਜਾ ਸਿੰਘ	28
13.	ਝਰੀਟਾਂ (ਵਿਅੰਗ)	ਦਲਬੀਰ	30
14.	ਖੇਡਾਂ	ਨਰਾਇਣ	32
15.	ਰੰਗ ਮੰਚ	ਅਵਤਾਰ ਸਿੰਘ	34
16.	ਸਾਹਿਤ ਸਮਾਚਾਰ		35
17.	ਸ਼ਰਧਾਂਜਲੀਆਂ		36

ਐਡੀਟਰ ਪ੍ਰਿੰਟਰ ਤੇ ਪ੍ਰਕਾਸ਼ਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼ ਲਾਡੋਵਾਲੀ ਰੋਡ ਜਲੰਧਰ ਤੋਂ ਛਪਵਾਕੇ ਦਫਤਰ ਵਰਿਆਮ ਲਾਡੋ-ਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਸਰੀ ਸ਼ਤਾਬਦੀ ਦੇ ਅਵਸਰ ਤੇ 'ਵਰਿਆਮ' ਦਾ ਇਹ ਅੰਕ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹੈ।

ਗੁਰੂ ਜੀ ਦੇ ਜੀਵਨ, ਸਿਖਿਆ ਅਤੇ ਕੁਰਬਾਨੀ ਦੇ ਵੱਖ ਵੱਖ ਪਹਿਲੂਆਂ ਅਤੇ ਉਹਨਾਂ ਨਾਲ ਸਬੰਧਤ ਹੋਰ ਜੀਵਨੀਆਂ ਬਾਰੇ ਲੇਖ ਇਸ ਅੰਕ ਵਿਚ ਛਪਣੋਂ ਰਹਿ ਗਏ ਹਨ। ਪਾਠਕਾਂ ਅਤੇ ਲੇਖਕਾਂ ਤੋਂ ਖਿਮਾ ਮੰਗਦਿਆਂ ਇਹ ਭਰੋਸਾ ਦੁਆਉਂਦੇ ਹਾਂ ਕਿ ਅਗਲਿਆਂ ਪਰਚਿਆਂ ਵਿਚ ਉਹ ਵੱਡਮੁਲੇ ਲੇਖ ਜ਼ਰੂਰ ਛਾਪਣ ਦਾ ਯਤਨ ਕਰਾਂਗੇ।

'ਵਰਿਆਮ' ਦੇ ਪਹਿਲੇ ਅੰਕ ਦਾ, ਜੋ ਪਾਠਕਾਂ ਤੇ ਲੇਖਕਾਂ ਨੇ ਸੁਆਗਤ ਕੀਤਾ ਹੈ, ਉਹ ਲਈ ਉਹਨਾਂ ਦਾ ਬਹੁਤ ਧੰਨਵਾਦ ਹੈ। ਪਾਠਕਾਂ ਦੀਆਂ ਕੀਮਤੀ ਰਾਵਾਂ ਦੀ ਕਦਰ ਕਰਦੇ ਹਾਂ।

ਸੰਪਾਦਕ

ਤੇਗ ਬਹਾਦੁਰ ਸਤਿਗੁਰੂ

ਤੇਗ ਬਹਾਦੁਰ ਸਤਿਗੁਰੂ, ਨਿਰਭਉ ਤੇ ਨਿਰਵੈਰ,
ਸਭਨਾਂ ਤਾਈਂ ਪਿਆਰਦੇ, ਕਿਸੇ ਨ ਸਮਝਣ ਗ਼ੈਰ।
ਤੇਗ ਬਹਾਦੁਰ ਸਤਿਗੁਰੂ, ਨਾਨਕੀ ਜੀ ਦੇ ਲਾਲ,
ਡਰਦਾ ਕੰਬਦਾ ਜਿਨ੍ਹਾਂ ਤੋਂ, ਨੇੜੇ ਆਇ ਨ ਕਾਲ।
ਤੇਗ ਬਹਾਦੁਰ ਦੀਨਬੰਧੁ, ਦੀਨਾਂ ਲਈ ਕੁਰਬਾਨ,
ਹੋ ਕੇ ਕੌਮ ਬਚਾ ਲਈ, ਵਾਰ ਆਪਣੇ ਪਰਾਨ।
ਤੇਗ ਬਹਾਦੁਰ ਗੁਰੂ ਜੀ, ਧਰਮ ਧੁਰੰਧਰ ਧੀਰ,
ਰਖਵਾਲੇ ਹਿੰਦੁਵੈਣ ਦੇ, ਦੀਨ ਦੁਨੀ ਦੇ ਪੀਰ।
ਤੇਗ ਬਹਾਦੁਰ ਗੁਰੂ ਜੀ, ਜਗ ਝੰਜਟ ਤੋਂ ਦੂਰ,
ਸ਼ਾਂਤਿ-ਸਰੂਪ ਅਡੋਲ ਦਿਲ, ਸਾਗਰ ਜਿਉਂ ਭਰਪੂਰ।
ਤੇਗ ਬਹਾਦੁਰ ਸਤਿਗੁਰੂ, ਕੰਵਲ ਵਾਂਗ ਨਿਰਲੇਪ,
ਵਸਦੀ ਰਸਦੀ ਦੁਨੀ ਵਿਚ, ਰਹਿੰਦੇ ਕੰਵਲ ਅਲੇਪ।

(ਸੰਤ ਇੰਦਰ ਸਿੰਘ ਚਕ੍ਰਵਰਤੀ)

ਮਹਾਨ ਕੁਰਬਾਨੀ

ਅਜ ਸਾਰੇ ਦੇਸ਼ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਤੌਰ ਤੇ ਉਸ ਮਹਾਨ ਖੂਨੀ ਸਾਕੇ ਦੀ ਤਿੰਨ ਸੌ ਸਾਲਾ ਯਾਦ ਮਨਾਈ ਜਾ ਰਹੀ ਹੈ ਜਿਸ ਨੇ ਗੁਲਾਮ ਭਾਰਤ ਦੀ ਆਤਮਾ ਨੂੰ ਝੰਝੋੜ ਕੇ ਰਖ ਦਿਤਾ ਅਤੇ ਮੁਰਦਾ, ਬੇਹਿਸ ਤੇ ਬੇਜਾਨ ਹੋਏ ਲੋਕਾਂ ਵਿਚ ਐਸੀ ਇਨਕਲਾਬੀ ਰੂਹ ਫੂਕ ਦਿਤੀ ਕਿ ਉਹ ਲਿਸ਼ਕਦੀਆਂ ਬਿਜਲੀਆਂ ਨੂੰ ਹੱਥ ਪਾਉਣ ਦੀ ਜੁਰਅਤ ਵਾਲੇ ਹੋ ਗਏ। ਇਸ ਸਾਕੇ ਨੇ ਇਤਿਹਾਸ ਨੂੰ ਇਕ ਨਵਾਂ ਮੋੜ ਦਿਤਾ ਅਤੇ ਉਹ ਲੋਕ ਜੋ ਦਾਸਤਾ ਦੇ ਬੰਧਨਾਂ ਨੂੰ ਮਨੋ ਪਰਵਾਨ ਕਰ ਚੁੱਕੇ ਸਨ, ਹਰ ਪ੍ਰਕਾਰ ਦੇ ਜਬਰ-ਜ਼ੁਲਮ ਅਤੇ ਅਨਿਆਏ ਦੇ ਵਿਰੁੱਧ ਜਾਨ ਹੂਲਵਾਂ ਸੰਘਰਸ਼ ਕਰਕੇ ਜ਼ਾਲਮ ਸਾਮਰਾਜਾਂ ਨੂੰ ਲੀਰੋ ਲੀਰ ਕਰਨ ਲਈ ਉਠ ਖਲੋਤੇ।

ਗੁਰੂ ਤੇਗ ਬਹਾਦਰ ਦੀ ਸ਼ਹੀਦੀ ਇਕ ਰਵਾਇਤੀ ਇਤਿਹਾਸਕ ਪ੍ਰਸੰਗ ਨਹੀਂ ਬਲਕਿ ਉਹਨਾਂ ਦੀ ਸ਼ਹਾਦਤ ਨੇ ਸੰਗਰਾਮਾਂ ਦੇ ਰਾਹ ਖੋਲੇ। ਦਿਲੀ ਦੇ ਚਾਂਦਨੀ ਚੌਂਕ ਵਿਚ ਉਹਨਾਂ ਦੇ ਲਾਲ ਖੂਨ ਨਾਲ ਲੱਥ ਪੱਥ ਹੋਈ ਮਿੱਟੀ ਵਿਚੋਂ ਇਕ ਬਹਾਦਰ, ਜੰਗਜੂ ਅਤੇ ਮਰਜੀਵੜੀ ਕੌਮ ਦਾ ਜਨਮ ਹੋਇਆ। ਮੌਤ ਦਾ ਭੈ ਨਾ ਰਖਣ ਦਾ ਜੇਹੜਾ ਗੁਰਬਾਣੀ ਵਿਚ ਬਾਰ ਬਾਰ ਜ਼ਿਕਰ ਆਉਂਦਾ ਹੈ, ਉਸ ਨੂੰ ਅਮਲੀ ਰੂਪ ਵਿਚ ਦੁਨੀਆਂ ਸਾਹਵੇਂ ਪੇਸ਼ ਕੀਤਾ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੇ ਹਿੰਦ ਦੇ ਮਥੇ ਤੇ ਲਗੀਆਂ ਸਦੀਆਂ ਪੁਰਾਣੀਆਂ ਨਮੋਸ਼ੀਆਂ, ਜ਼ਿੱਲਤਾਂ, ਬੇਇਜ਼ਤੀਆਂ ਦੇ ਕੋਹੜ ਨੂੰ ਸਾਫ ਕਰਕੇ ਇਸ ਦੇ ਗੁਨਾਹਾਂ ਤੇ ਪਰਦਾ ਪਾਇਆ। ਇਸ ਸ਼ਹਾਦਤ ਨੇ ਪੁਰਾਣੀਆਂ ਕੋਝੀਆਂ ਯਾਦਾਂ ਨੂੰ ਲਕੋ ਦਿਤਾ। ਸੱਚਮੁਚ ਹੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਸਨ। ਉਹਨਾਂ ਇਸ ਦੇਸ਼ ਦੇ ਪਰਦੇ ਢੱਕੇ ਅਤੇ ਇਸ ਦੇਸ਼ ਦੀ ਦਬੀ ਤੇ ਪਿਸੀ ਜਨਤਾ ਨੂੰ ਗੌਰਵ ਅਤੇ ਸਵੈਮਾਨ ਬਖਸ਼ ਕੇ ਜ਼ੁਲਮ ਜਬਰ ਨਾਲ ਲੋਹਾ ਲੈਣ ਲਈ ਤਿਆਰ ਕਰ ਦਿਤਾ।

ਗੁਰੂ ਤੇਗ ਬਹਾਦਰ ਸਮੁਚੀ ਮਨੁਖਤਾ ਦਾ ਗੌਰਵ ਹਨ। ਉਹਨਾਂ ਕਿਸੇ ਖਾਸ ਫਿਰਕੇ ਜਾਂ ਧਰਮ ਵਾਸਤੇ ਸ਼ਹੀਦੀ ਨਹੀਂ ਦਿਤੀ ਸਗੋਂ ਸਮੁਚੀ ਮਾਨਵਤਾ ਦੇ ਬੰਦ ਖਲਾਸ ਵਾਸਤੇ ਇਹ ਮਹਾਨ ਬਲੀਦਾਨ ਦਿਤਾ। ਉਹਨਾਂ ਦਾ ਸਾਰਾ ਜੀਵਨ ਹੀ ਤਿਆਗ, ਵੈਰਾਗ ਪ੍ਰੇਮ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਉਹਨਾਂ ਦੇ ਮਨ ਵਿਚ ਕਿਸੇ ਪ੍ਰਤੀ ਵੀ ਵੈਰ ਵਿਰੋਧ ਦੀ ਭਾਵਨਾ ਨਹੀਂ ਸੀ। ਜਿਨਾਂ ਲੋਕਾਂ ਨੇ ਉਹਨਾਂ ਨਾਲ ਪੁਜ ਕੇ ਵੈਰ ਸਹੇੜਿਆ, ਜਿਨ੍ਹਾਂ ਨੇ ਉਹਨਾਂ ਤੇ ਮਾਰੂ ਹਮਲੇ ਕੀਤੇ, ਗੋਲੀਆਂ ਚਲਾਈਆਂ ਅਤੇ ਜਾਨੋਂ ਮਾਰਨ ਤੋਂ ਵੀ ਸੰਕੋਚ ਨਾ ਕੀਤਾ ਅਜੇਹੇ ਲੋਕਾਂ ਪ੍ਰਤੀ ਵੀ ਗੁਰੂ ਸਾਹਿਬ ਨੇ ਕਦੀ ਵੀ ਘਿਰਣਾ ਦਾ ਪ੍ਰਗਟਾਵਾ ਨਾ ਕੀਤਾ। ਇਸ ਦੇ ਵਿਪਰੀਤ ਮੱਖਣ ਸ਼ਾਹ ਲੁਬਾਣੇ ਨੇ ਜੋ ਸਮਾਨ ਬਾਬਾ ਧੀਰਮਲ ਦੇ ਡੇਰੇ ਵਿਚੋਂ ਵਾਪਸ ਖੋਹ ਕੇ ਲਿਆਂਦਾ ਉਸ ਨੂੰ ਵੀ ਵਾਪਸ ਕਰਵਾਇਆ। ਸਭ ਤੋਂ ਵਡੀ ਤਿਆਗ ਦੀ ਗਲ ਉਹਨਾਂ ਆਦਿ ਗ੍ਰੰਥ ਸਾਹਿਬ ਦੀ ਬੀੜ ਧੀਰਮਲ ਨੂੰ ਵਾਪਸ ਕਰਕੇ ਕੀਤੀ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਬੀੜ ਤਿਆਰ ਕਰਕੇ ਉਸ ਨੂੰ ਅਥਾਹ ਸਤਿਕਾਰ ਦਿਤਾ ਅਤੇ ਸਿੱਖਾਂ ਨੂੰ ਇਸ ਇਲਾਹੀ ਬਾਣੀ ਅਗੇ ਸਿਰ ਝੁਕਾਉਣ, ਅਪਣੇ ਤੋਂ ਉਚੀ ਥਾਂ ਦੇਣ ਅਤੇ ਹਰ ਪ੍ਰਕਾਰ ਇਜ਼ਤ ਦੇਣ ਦਾ ਆਦੇਸ਼ ਦਿਤਾ। ਗੁਰੂ ਜੀ ਵਲੋਂ ਬੀੜ ਪ੍ਰਤੀ ਦਿਤੇ ਇਸੇ ਸਤਿਕਾਰ ਨੂੰ ਧੀਰਮਲ ਨੇ ਅਪਣੇ ਹਿਤਾਂ ਲਈ ਵਰਤਿਆ। ਚੂੰਕਿ ਇਹ ਪਵਿਤਰ ਬੀੜ ਉਸ ਦੇ ਕਬਜ਼ੇ ਵਿਚ ਸੀ, ਇਸ ਵਾਸਤੇ ਉਸਨੇ ਇਸੇ ਹੀ ਕਬਜ਼ੇ ਦੇ ਬਲ ਬੋਤੇ ਅਪਣੀ ਗੁਰਿਆਈ ਪਰਵਾਨ ਕਰਾਣੀ ਚਾਹੀ। ਗੁਰੂ ਤੇਗ ਬਹਾਦੁਰ ਜੀ ਦੇ ਸਿੱਖਾਂ ਦਾ ਅਤੇ ਮਾਤਾ ਨਾਨਕੀ ਤਕ ਦਾ ਵੀ ਇਹ ਹੀ ਖਿਆਲ ਸੀ ਕਿ ਜੇ ਬੀੜ ਉਹਨਾਂ ਕੋਲ ਰਹਿ ਗਈ ਤਾਂ ਇਹ ਗੁਰੂ ਜੀ ਦੀ ਗੁਰਆਈ ਦਾ ਪੱਕਾ ਅੱਕਟ ਪ੍ਰਮਾਣ ਹੋਵੇਗੀ ਅਤੇ ਕਾਰ ਭੇਟ ਆਉਣ ਦਾ ਸਾਧਨ ਬਣੇਗੀ।

ਉਹ ਵ੍ਕਤ ਦੇ ਗੁਰੂ ਸਨ। ਇਸ ਲਈ ਬੀੜ ਅਪਣੇ ਕੋਲ ਰੱਖਣ ਵਿਚ ਹਕਬਜਾਨਬ ਸਨ। ਬੀੜ ਦਾ ਕੋਲ ਹੋਣਾ ਹੀ ਗੁਰਆਈ ਦਾ ਪ੍ਰਮਾਣ ਸਮਝਿਆ ਜਾਂਦਾ ਸੀ (ਬਾਬਾ ਧੀਰਮਲ ਇਸ ਗਲ ਨੂੰ ਵਰਤ ਵੀ ਰਿਹਾ ਸੀ। ਪਰ ਧੰਨ ਹਨ ਗੁਰੂ ਤੇਗ ਬਹਾਦਰ, ਜਿਨ੍ਹਾਂ ਨੇ ਬੀੜ ਵੀ ਧੀਰਮਲ ਨੂੰ ਵਾਪਸ ਕਰ ਦਿਤੀ। ਅੰਮ੍ਰਿਤਸਰ ਗੁਰਦੁਆਰੇ ਅੰਦਰ ਵੀ ਉਹਨਾਂ ਨੂੰ ਜਾਣ ਨਹੀਂ ਸੀ ਦਿਤਾ। ਸੋ ਗੁਰੂ ਤੇਗ ਬਹਾਦਰ ਦੀ ਗੁਰਿਆਈ ਦੇ ਸਮੇਂ ਨਾ ਉਹਨਾਂ ਕੋਲ ਅਪਣੇ ਪੂਰਵਜ ਬਜ਼ੁਰਗ ਗੁਰੂਆਂ ਦਾ ਕੋਈ ਸਥਾਨ ਸੀ ਅਤੇ ਨਾ ਹੀ ਬੀੜ ਅਤੇ ਨਾ ਹੀ ਗੁਰੂ ਤੇਗ ਬਹਾਦਰ ਜੀ ਨੇ ਇਹਨਾਂ ਦਾ ਆਸਰਾ ਲਿਆ। ਇਹ ਉਹਨਾਂ ਦੀ ਵਡਿਤਣ ਸੀ। ਉਹਨਾਂ ਨੇ ਸਮੁਚੇ ਦੇਸ਼ ਦਾ ਰਟਨ ਕੀਤਾ ਤਾਂ ਉਹਨਾਂ ਦੀ ਪ੍ਰਤਿਭਾ ਦਿਨੋਂ ਦਿਨ ਵਧੀ ਹੀ। ਉਹ ਜਿਥੇ ਜਿਥੇ ਗਏ ਉਹਨਾਂ ਜੀ ਚਰਨ ਛੁਹ ਨੇ ਥਾਂ ਥਾਂ ਨਵੇਂ ਗੁਰਦੁਆਰੇ ਸਥਾਪਤ ਕੀਤੇ।

ਉਹਨਾਂ ਦੀ ਕੁਰਬਾਨੀ ਸਾਨੂੰ ਸਾਂਝੀਵਾਲਤਾ, ਏਕਤਾ, ਰਵਾਦਾਰੀ, ਪ੍ਰੇਮ, ਭਗਤੀ ਅਤੇ ਨਿਰਭੈਤਾ ਦਾ ਸੰਦੇਸ਼ ਦਿੰਦੀ ਹੈ। ਉਹਨਾਂ ਦੀ ਸ਼ਹਾਦਤ ਪੁਕਾਰ ਪੁਕਾਰ ਕੇ ਕਹਿ ਰਹੀ ਹੈ ਕਿ ਇਸ ਸੰਸਾਰ ਵਿਚ ਹਰ ਪੰਥ, ਧਰਮ, ਫਿਰਕੇ ਨੂੰ ਅਪਣੇ ਅਪਣੇ ਅਕੀਦੇ ਅਨੁਸਾਰ ਜੀਉਣ ਦਾ ਹੱਕ ਹੈ! ਉਹਨਾਂ ਦੇ ਸ਼ਹੀਦੀ ਗੁਰਪੁਰਬ ਮਨਾਉਣ ਦਾ ਸਭ ਤੋਂ ਵਧੀਆ ਢੰਗ ਹੈ ਉਹਨਾਂ ਦੇ ਆਦਰਸ਼ਾਂ ਦੀ ਪਾਲਣਾ ਕਰਨਾ।

ਜਗਦੀਸ਼ ਸਿੰਘ

ਗੁਰੂ ਤੇਗ ਬਹਾਦਰ ਦੀ ਬਾਣੀ 'ਚ ਤਿਆਗ

ਕੁਲਦੀਪ ਸਿੰਘ ਬੇਦੀ

ਪੰਜ ਵਿਕਾਰ ਮਨੁਖੀ ਮਨ ਨੂੰ ਟਿਕਣ ਨਹੀਂ ਦੇਂਦੇ ਚੇਚੇ ਆਦਰਸ਼ਾਂ ਦੀ ਪ੍ਰਾਪਤੀ ਲਈ ਥੋਥੇ ਦੁਨਿਆਵੀ ਖਾਂ ਦੀ ਲਾਲਸਾ ਨੂੰ ਮਾਰਨਾ ਪੈਂਦਾ ਹੈ ਤੇ ਦੈਵੀ ਗਤ ਵਿਚ ਤਾਂ ਪ੍ਰਾਪਤੀ ਉਹਨਾਂ ਨੂੰ ਹੁੰਦੀ ਹੈ ਜਿਨ੍ਹਾਂ ਜਗਤ ਨੂੰ ਸੁਪਨਾ ਸਮਝਿਆ ਹੈ ਤੇ ਹਮੇਸ਼ਾਂ ਹੀ ਵਾਹਿਰੂ ਦੇ ਘਰ ਜਾਣ ਲਈ ਆਪਣੇ ਆਪ ਨੂੰ ਤਿਆਰ ਰਖਿਆ ਹੈ। ਰ ਦੁਨਿਆਵੀ ਰਸ ਅਜਿਹੇ ਹਨ ਕਿ ਪ੍ਰਾਪਤੀ, ਸਾਧਨ-ਨਾਮ ਅੰਦਰ ਨਹੀਂ ਟਿਕਣ ਦਿੰਦੇ। ਗੁਰੂ ਨਾਨਕ ਸਾਹਿਬ ਨੇ ਜਿਹੇ ਰਸਾਂ ਬਾਰੇ ਕਿਹਾ ਹੈ—

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥

ਤੇ ਸਚਾ ਤਿਆਗ ਵਿਸ਼ੇ-ਵਾਸ਼ਨਾ ਦੇ ਜ਼ਹਿਰੀ ਰਸ ਨੂੰ ਆਗਣਾ ਹੈ। ਪਰ ਤਿਆਗ ਦਾ ਸੰਕਲਪ ਵੀ ਵਿਖਾਵਾ ਕੇ ਰਹਿ ਗਿਆ ਸੀ। ਲੋਕਾਂ ਨੇ ਘਰ ਬਾਰ ਤਿਆਗ ਏ। ਅੰਨ ਤਿਆਗ ਦਿਤਾ। ਨੰਗੇ ਰਹਿਣ ਲਗ ਪਏ। ਧਾਰ ਲਏ। ਜੰਗਲਾਂ 'ਚ ਕੰਦਮੂਲ ਚੁਣ ਕੇ ਖਾਂਦੇ ਰਹੇ, ਮਨ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਨਚਾਉਂਦਾ ਰਿਹਾ। ਬਾਣੀ ਵਿਚ ਅਜਿਹੇ ਤਿਆਗ ਦੀ ਨਿਖੇਧੀ ਕੀਤੀ ਗਈ ਤੇ ਸੱਚੇ ਤਿਆਗ ਦੀ ਸਿਖਿਆਂ ਦਿਤੀ ਗਈ ਹੈ ਜਿਵੇਂ ਸਾਹਿਬਾਨਾਂ ਨੇ ਥਾਂ ਥਾਂ ਪਖੰਡੀ ਤਿਆਗੀਆਂ ਬਾਰੇ ਵਿਚਾਰ ਤ ਕੀਤੇ ਹਨ:

ਤਜੈ ਗ੍ਰਿਸਥ ਭਇਆ ਬਨਬਾਸੀ ਇਕ ਖਿਨ ਮਨੂਆ
ਟਿਕੈ ਨਾ ਟਿਕਾਇਆ ॥
ਨਗਨ ਫਿਰਤ ਜੋ ਪਾਈਐ ਜੋਗੁ। ਬਨ ਕਾ ਮਿਰਗੁ
ਮੁਕਤਿ ਸਭੁ ਹੋਗ ॥
ਜੋਗ ਨ ਭਗਵੀ ਕਪੜੀ ਜੋਗੁ ਨਾ ਮੈਲੇ ਵੇਸਿ ॥
... ...
ਇਕਿ ਭਗਵਾ ਵੇਸ ਕਰਿ ਭਰਮਦੇ ਵਿਣੁ ਸਤਿਗੁਰ
ਕਿਨੇ ਨਾ ਪਾਇਆ ॥

ਅਨੇਕ ਉਦਾਹਰਨਾਂ ਗੁਰਬਾਣੀ 'ਚੋਂ ਮਿਲ ਜਾਂਦੀਆਂ ਹਨ।

ਫਿਰ ਸੱਚਾ ਤਿਆਗ ਕਿਹੜਾ ਹੈ? ਕਿਹਨਾਂ ਚੀਜ਼ਾਂ ਦਾ ਤਿਆਗ ਕਰਨਾ ਹੈ? ਮਨਮੁਖ ਦਾ ਮਨ ਹਰ ਵੇਲੇ ਵਿਸ਼ੇ ਵਿਕਾਰਾਂ ਮਗਰ ਭਜਿਆ ਫਿਰਦਾ ਹੈ। ਮਨ ਵਸ ਕਰਨਾ ਬੜਾ ਕਠਨ ਹੈ। ਪਰ ਜੇ ਕਰ ਮਨ ਵਸ ਵਿਚ ਹੋ ਜਾਵੇ ਫਿਰ 'ਮਨ ਜੀਤੇ ਜਗਜੀਤ'। ਪਰ ਮਨ ਐਡੀ ਸੌਖ ਨਾਲ ਵਸ ਨਹੀਂ ਹੁੰਦਾ। ਪੰਜ ਰੋਗਾਂ ਦਾ ਉਹਦੇ ਤੇ ਅਸਰ ਹੈ। ਕਾਮ, ਕ੍ਰੋਧ, ਲੋਭ ਮੋਹ ਤੇ ਅਹੰਕਾਰ ਮਨੁਖੀ ਮਨ ਨੂੰ ਉਸਤਤ, ਨਿੰਦਾ, ਸਾੜਾ ਕੀਨਾ, ਮਾਇਆ ਆਦਿ ਮਗਰ ਚੱਕਰ ਕਟਾਉਂਦਾ ਹੈ ਤੇ ਜੀਵਾਂ ਨੂੰ ਥਾ ਥਾਂ ਜ਼ਲੀਲ ਕਰਦਾ ਹੈ। ਇਹਨਾਂ ਪੰਜਾਂ ਵਿਕਾਰਾਂ ਦਾ ਤਿਆਗ ਕਰਨਾ ਹੀ ਅਸਲ ਵਿਚ ਤਿਆਗ ਹੈ। ਗੁਰਬਾਣੀ ਵਿਚ ਪੰਜਾਂ ਵਿਕਾਰਾਂ ਨੂੰ ਪੰਜ ਚੋਰ, ਠੱਗ, ਮੂਸਨਹਾਰੇ ਬਟਵਾਰੇ ਆਦਿ ਕਿਹਾ ਗਿਆ ਹੈ। ਇਹ ਮਨੁਖ ਨੂੰ ਲੁਟ ਰਹੇ ਹਨ ਪਰ ਮਨੁਖ ਅਚੇਤ ਹੈ। ਉਸ ਨੂੰ ਏਨੀ ਸੁਰਤ ਨਹੀਂ ਹੈ। ਗੁਰੂ ਅਮਰ ਦਾਸ ਜੀ ਕਹਿੰਦੇ ਹਨ: —

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮ, ਕ੍ਰੋਧ,
ਲੋਭੁ, ਮੋਹੁ ਅਹੰਕਾਰਾ ॥
ਅੰਮ੍ਰਿਤ ਲੂਟਹਿ ਮਨਮੁਖ ਨਹੀਂ ਬੂਝਹਿ ਕੋਈ ਨਾ
ਸੁਣੇ ਪੁਕਾਰਾ ॥

ਇਹਨਾਂ ਰੋਗਾਂ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਜੀ ਆਖਦੇ ਹਨ ਕਿ ਹਾਥੀ ਨੂੰ ਕਾਮ ਦਾ ਰੋਗ ਹੈ, ਮ੍ਰਿਗ ਨੂੰ ਨਾਦ ਦਾ, ਮਛਲੀ ਨੂੰ ਜਿਹਬਾ ਦਾ, ਪਤੰਗੇ ਨੂੰ ਦ੍ਰਿਸ਼ਟੀ ਦਾ, ਭੰਵਰੇ ਨੂੰ ਵਾਸ ਦਾ ਅਤੇ ਇਹ ਇਕੋ ਇਕੋ ਰੋਗ ਉਹਨਾਂ ਨੂੰ ਮੌਤ ਦੇ ਦਰ ਤੇ ਪਹੁੰਚਾ ਦਿੰਦਾ ਹੈ। ਮਨੁਖ ਨੂੰ ਤਾਂ ਪੰਜ ਰੋਗ ਹਨ :—

ਰਾਜ ਮ੍ਰਿਗ ਮੀਨ ਪਤੰਗ ਆਦਿ ਇਕਤੁ ਇਕਤੁ ਰੋਗਿ ਪੰਚਦੇ।
ਮਾਨਸ ਦੇਹੀ ਪੰਜਿ ਰੋਗ ਪੰਜੇ ਦੂਤ ਕਸੂਤੁ ਕਰੰਦੇ।
ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਸੰਦੇ।
ਮਨਮੁਖ ਦੂਜੇ ਭਾਇ ਲਗਿ ਭੰਬਲ ਭੂਸੇ ਖਾਇ ਭਵਦੇ।

ਇਹਨਾਂ ਰੋਗਾਂ ਤੋਂ ਛੁਟਕਾਰਾ ਹੀ ਸੱਚਾ ਤਿਆਗ ਹੈ। ਆਓ ਇਹਨਾਂ ਬਾਰੇ ਵੀਚਾਰ ਕਰੀਏ। ਸਭ ਤੋਂ ਪਹਿਲਾਂ ਅਸੀ ਕਾਮ ਨੂੰ ਲੈਂਦੇ ਹਾਂ। ਕਾਮ ਦਾ ਭਾਵ ਹੈ ਇਸਤ੍ਰੀ ਨਾਲ ਭੋਗ ਕਰਨ ਦੀ ਪ੍ਰਵਿਰਤੀ। ਇਸ ਨੂੰ ਵਸ ਕਰਨਾ ਅਤਿਅੰਤ ਕਠਨ ਹੈ। ਗੁਰਬਾਣੀ ਵਿਚ ਥਾਂ ਥਾਂ ਤੇ ਕਾਮ ਤੋਂ ਬਚਣ ਲਈ ਆਖਿਆ ਗਿਆ ਹੈ, ਕਿਉਂਕਿ ਕਾਮ ਤੇ ਕ੍ਰੋਧ ਕਾਇਆ ਨੂੰ ਗਾਲ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥

ਗੁਰੂ ਤੇਗ ਬਹਾਦਰ ਜੀ ਵੀ ਥਾਂ ਪਰ ਥਾਂ ਅਚੇਤ ਮਾਇਆ ਵਿਚ ਅੰਨ੍ਹੇ ਹੋਏ ਮਾਲਕ ਨੂੰ ਕਾਮ ਤੋਂ ਬਚਣ ਲਈ ਆਖਦੇ ਹਨ :

੧) ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾਤੇ ਅਹਿਨਸਿ ਭਾਗਉ ॥ (ਗਉੜੀ)
੨) ਮਨ ਰੇ ਕਉਨ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ ਰਸ ਰਚਿਓ, ਰਾਮ ਭਗਤਿ ਨਹੀਂ ਕੀਨੀ ॥ (ਸੋਰਠ)
੩) ਪਾਪੀ ਹੀਐ ਕਾਮ ਬਸਾਇ ॥ ਮਨ ਚੰਚਲ ਯਾ ਤੇ ਗਹਿਓ ਨਾ ਜਾਇ। (ਬਸੰਤੁ)

ਆਦਿ, ਇਸ ਲਈ ਇਕ ਕਾਮ ਜੋ ਭਟਕਣਾ, ਤ੍ਰਿਸ਼ਨਾ ਤੇ ਮੌਤ ਦਾ ਦਰਵਾਜ਼ਾ ਹੈ ਉਸ ਨੂੰ ਤਿਆਗਣਾ ਹੀ ਉਚਿਤ ਹੈ।

ਕ੍ਰੋਧ ਦਾ ਅਰਥ ਹੈ, ਗੁਸਾ, ਮਨੁਖ ਦੀ ਜਦੋਂ ਕੋਈ ਇੱਛਾ ਪੂਰੀ ਨਹੀਂ ਹੁੰਦੀ ਜਾਂ ਉਸ ਦੇ ਅਹੰਕਾਰ ਨੂੰ ਸੱਟ ਵੱਜਦੀ ਹੈ ਤਾਂ ਉਹ ਕ੍ਰੋਧਵਾਨ ਹੋ ਕੇ ਅਕਲ ਦਾ ਤਿਆਗ ਕਰਕੇ ਲੜਾਈ ਝਗੜੇ ਵੈਰ ਵਿਰੋਧ ਆਦਿ ਕਰਦਾ ਹੈ। ਉਹ ਕ੍ਰੋਧ 'ਚ ਅੰਨ੍ਹਾ ਹੋਇਆ ਕਿਸੇ ਨੂੰ ਪਛਾਣਦਾ ਨਹੀਂ। ਕ੍ਰੋਧ ਵੀ ਨਾਸ਼ ਦਾ ਕਾਰਨ ਹੈ। ਇਹ ਮਾਨਸਿਕ ਕਮਜ਼ੋਰੀ ਹੈ। ਕ੍ਰੋਧ ਵਿਚ ਅੰਨ੍ਹਾ ਹੋਇਆ ਵਿਅਕਤੀ ਕੁਕਰਮ ਕਰ ਜਾਂਦਾ ਹੈ। ਇਸ ਲਈ ਇਸ ਦਾ ਤਿਆਗ ਬਹੁਤ ਹੀ ਜ਼ਰੂਰੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਕ੍ਰੋਧ ਨੂੰ ਤਿਆਗਨ ਲਈ ਆਖਦੇ ਹਨ ਤਾਂ ਕਿ ਮਨੁੱਖ ਸ਼ਾਂਤ ਰਹਿਕੇ ਹਰਿ-ਨਾਮ ਵਿਚ ਆਪਣੀ ਲਿਵ ਜੋੜ ਸਕੇ :

੧) ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾਤੇ ਅਹਿਨਸਿ ਭਾਗਉ ॥ (ਗਉੜੀ)

੨) ਕਠਨ ਕਰੋਧ ਘਟ ਹੀ ਕੇ ਭੀਤਰ ਜਿਹ ਸੁਧਿ ਸਭ ਬਿਸਰਾਈ ॥ (ਗਉੜੀ)

ਜਦੋਂ ਵਿਅਕਤੀ ਕਿਸੇ ਹੋਰ ਵਿਅਕਤੀ ਦੀ ਚੀਜ਼ ਨੂੰ ਆਪਣੀ ਬਨਾਉਣ ਲਈ ਯਤਨ ਕਰਦਾ ਹੈ ਤਾਂ ਲੋਭੀ ਹੋ ਜਾਂਦਾ ਹੈ। ਲੋਭ ਹੈ ਲਾਲਚ ਦਾ ਦੂਸਰਾ ਨਾਮ। ਇਸ ਤਰ੍ਹਾਂ ਮਾਨਵ ਉਹ ਸਾਰੀਆਂ ਵਸਤਾਂ ਨੂੰ ਕਬਜ਼ੇ ਹੇਠ ਲੈਣ ਲਈ ਕੁਕਰਮ ਕਰਨੇ ਸ਼ੁਰੂ ਕਰ ਦਿੰਦਾ ਹੈ ਜੋ ਉਹਦੀਆਂ ਨਹੀਂ ਹੁੰਦੀਆਂ। ਪਾਪ ਕਰਦਾ ਹੈ। ਉਸ ਦੀ ਬੁਧੀ ਮਲੀਨ ਹੋ ਜਾਂਦੀ ਹੈ। ਮਨ ਮੈਲਾ ਹੋ ਜਾਂਦਾ ਹੈ। ਇਹ ਅਸਾਧ ਮਾਨ-ਸਿਕ ਰੋਗ ਹੈ। ਲੋਭ ਪਾਪਾਂ ਦਾ ਮੂਲ ਹੈ। ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਲੋਭ ਦੇ ਤਿਆਗ ਲਈ ਉਹਨਾਂ ਨੇ ਉਪਦੇਸ਼ ਕਰਦਿਆਂ ਵਿਚਾਰ ਅੰਕਿਤ ਕੀਤੇ ਹਨ।

ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥ (ਜੈਤਸਰੀ)

ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥ (ਬਸੰਤ)

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥ (ਗਉੜੀ)

ਲੋਭ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥ (ਆਸਾ)

ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥ (ਧਨਾਸਰੀ)

ਮੋਹ ਦਾ ਅਰਥ ਹੈ ਇਕ ਦਿਸਦੇ ਵਸਦੇ ਸੰਸਾਰ ਦੀਆਂ ਵਸਤਾਂ ਜੀਵਾਂ, ਆਦਿ ਲਈ ਮਨ ਵਿਚ ਖਿਚ। ਇਹ ਵੀ ਅਗਿਆਨ ਦਾ ਸਿੱਟਾ ਹੈ। ਅਸੀਂ ਛਲ ਕਪਟ ਵਾਲੀਆਂ ਚੀਜ਼ਾਂ ਪਿਛੇ ਭਜੇ ਫਿਰਦੇ ਹਾਂ। ਉਹਨਾਂ ਨੂੰ ਅਯੋਗ ਢੰਗ ਨਾਲ ਅਪਨਾਣ ਦੀ ਕੋਸ਼ਿਸ਼ ਕਰਦੇ ਹਾਂ। ਇਹ ਮੋਹ ਅਧਿਆਤਮਕ ਪ੍ਰਗਤੀ ਵਿਚ ਵੱਡਾ ਰੋੜਾ ਹੈ। ਗੁਰੂ ਨੌਵੇਂ ਸ਼ਹਿਨਸ਼ਾਹ ਵੀ ਫ਼ਰਮਾਉਂਦੇ ਹਨ:

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥
(ਸਲੋਕ)

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ ॥
ਕਹੁ ਨਾਨਕ ਸੁਨ ਰੇ ਮਨਾ ਤਿਹਿ ਘਟਿ ਬ੍ਰਹਮ ਨਿਵਾਸੁ ॥੧੮॥
(ਸਲੋਕ)

ਸੁਖੁ ਦੁਖੁ ਜਿਹ ਪਰਸੈ ਨਹੀਂ ਲੋਭ ਮੋਹ ਅਭਿਮਾਨੁ ॥
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤਿ ਭਗਵਾਨ ॥੧੩॥
(ਸਲੋਕ) ਆਦਿ

ਅਹੰਕਾਰ ਜਿਹਨੂੰ ਹਉਮੈ ਵੀ ਆਖਿਆ ਗਿਆ ਹੈ ਬੜਾ ਹੀ ਮਾੜਾ ਦੁਸ਼ਮਨ ਹੈ। ਇਹ ਅਚੇਤ ਹੀ ਮਨ ਵਿਚ ਆਕੇ ਆਪਣਾ ਕੰਮ ਕਰ ਜਾਂਦਾ ਹੈ। ਕਿਸੇ ਨੂੰ ਪੈਸੇ ਦਾ ਅਹੰਕਾਰ ਹੈ, ਕਿਸੇ ਨੂੰ ਹੁਸਨ ਦਾ, ਕਿਸੇ ਨੂੰ ਬਲ ਦਾ, ਕਿਸੇ ਨੂੰ ਸੱਤਾ ਦਾ। ਗਲ ਕੀ ਹਰ ਪਾਸੇ ਮਨੁਖ ਅਹੰਕਾਰ ਨਾਲ ਘਿਰਿਆ ਨਜ਼ਰ ਆਉਂਦਾ ਹੈ। ਤੇ ਇਸ ਅਹੰਕਾਰ ਦੇ ਵਸ ਹੋ ਕੇ ਮਨੁਖ ਕੁਕਰਮ ਕਰਦਾ ਹੈ। ਸੋ ਇਸ ਚੋਰ ਨੂੰ ਮਾਰਨਾ ਜ਼ਰੂਰੀ ਹੈ। ਇਸ ਦਾ ਤਿਆਗ ਜ਼ਰੂਰੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚ ਉਦਾਹਰਨਾਂ ਹਨ:

ਤਜ ਅਭਿਮਾਨ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ ॥ (ਗਉੜੀ)

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
(ਬਲਾਵਲੁ)

ਤਜਿ ਅਭਿਮਾਨੁ ਸਰਣਿ ਸ੍ਰਿਤਨੁ ਚਾਹੁ
ਮੁਕਤਿ ਹੋਹਿ ਛਿਨ ਮਾਹੀ ॥ (ਸਾਰੰਗ)

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨ ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨ ॥ ੧੯ ॥
(ਸਲੋਕ)

ਝੂਠੇ ਮਾਨੁ ਕਹਾ ਕਰੈ ਜਗ ਸੁਪਨੇ ਜਿਉ ਜਾਨਿ ॥੪੧॥
(ਸਲੋਕ)

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥੪੨॥
(ਸਲੋਕ)

ਇਹਨਾਂ ਦਾ ਤਿਆਗ ਭਾਵੇਂ ਪ੍ਰਾਣੀ ਦੇ ਵਸ ਨਹੀਂ ਹੈ ਪਰ ਯਤਨ ਕਰਕੇ ਪ੍ਰਾਣੀ ਦਾ ਫਰਜ਼ ਹੈ। ਅਰਦਾਸ! ਬੇਨਤੀ! ਪ੍ਰਾਰਥਨਾ ਹਰ ਵੇਲੇ ਕਰਨੀ ਚਾਹੀਦੀ ਹੈ। ਗੁਰੂ ਤੇਗ ਬਹਾਦਰ ਜੀ ਵੀ ਥਾਂ ਥਾਂ ਤੇ ਇਹੀ ਆਖਦੇ ਹਨ ਕਿ ਆਪਣਾ ਆਪ ਵਾਹਿਗੁਰੂ ਨੂੰ ਸੌਂਪ ਦਿਓ। ਅਰਦਾਸ ਕਰੋ। ਫਿਰ ਸਿਮਰਨ ਦੀ ਦਾਤ ਮਿਲ ਜਾਵੇਗੀ।

ਸਾਧੋ ਗੋਬਿੰਦ ਕੇ . ਗੁਨ ਗਾਵਉ ॥

... ...

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ (ਗਉੜੀ)

ਸਾਧੋ ਰਾਮ ਸਰਨ ਬਿਸਰਾਮਾ ॥

ਬੇਦ ਪੁਰਾਨ ਪੜੈ ਕੋ ਇਹ ਗੁਨ ਸਿਮਰੈ ਹਰਿ ਕੋ ਨਾਮਾ ॥

... ...

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥
(ਗਉੜੀ)

ਇਸ ਲਈ ਸਾਨੂੰ ਆਪਣੇ ਆਪ ਨੂੰ ਵਹਿਗੁਰੂ ਅਗੇ ਸੌਂਪ ਦੇਣਾ ਚਾਹੀਦਾ ਹੈ। ਬਾਣੀ ਨਾਲ ਹੀ ਇਹ ਪੰਜੇ ਚੋਰ ਜਾ ਸਕਦੇ ਹਨ। ●

ਗੋਡੀਵਾ

ਸੰਤੋਖ ਸਿੰਘ ਧੀਰ

ਕਾਵੈਂਟਰੀ (ਇੰਗਲੈਂਡ) ਵਿਚ ਕਿਸੇ ਰਾਜੇ ਦਾ ਰਾਜ ਸੀ ਜੋ ਪਰਜਾ ਉਤੇ ਨਿਤ ਨਵੇਂ ਟੈਕਸ ਲਾਉਂਦਾ ਰਹਿੰਦਾ ਸੀ। ਰਾਜੇ ਦੀ ਰਾਣੀ, ਲੇਡੀ ਗੋਡੀਵਾ, ਬਹੁਤ ਚੰਗੇ ਦਿਲ ਦੀ ਸੀ। ਪਰਜਾ ਨੇ, ਫ਼ਰਿਆਦ ਕੀਤੀ। ਲੇਡੀ ਗੋਡੀਵਾ ਨੇ ਆਪਣੇ ਪਤੀ ਨੂੰ ਟੈਕਸ ਵਾਪਸ ਲੈਣ ਲਈ ਕਿਹਾ। ਪਰ ਰਾਜੇ ਨੇ ਜਵਾਬ ਦਿੱਤਾ: ਟੈਕਸ ਵਾਪਸ ਹੋ ਸਕਦਾ ਹੈ, ਜੇ ਕੋਈ ਔਰਤ ਨੰਗੀ ਹੋ ਕੇ ਸਾਰੇ ਸ਼ਹਿਰ ਵਿਚੋਂ ਲੰਘੇ। ਇਹ ਸੁਣ, ਰਾਣੀ ਗੋਡੀਵਾ ਆਪ ਨੰਗੀ ਹੋ ਕੇ ਸਾਰੇ ਸ਼ਹਿਰ ਵਿਚੋਂ ਲੰਘੀ ਸੀ ਤੇ ਟੈਕਸ ਮੁਆਫ਼ ਕਰਵਾਇਆ ਸੀ। ਕਾਵੈਂਟਰੀ ਦੇ ਸਿਟੀ ਸੈਂਟਰ ਵਿਚ ਲੇਡੀ ਗੋਡੀਵਾ ਦਾ ਘੋੜੇ ਉਤੇ ਨੰਗੀ ਬੈਠੀ ਦਾ ਬੁੱਤ ਹੈ।

———

ਸਾਹਮਣੇ ਖ਼ੂਨ ਦੀ ਵਾਈਨ ਸੀ
ਇਨਸਾਨੀ ਮਿਹਨਤ ਦੇ ਸੈਂਡਵਿਚ
ਵਾਈਨ ਦਾ ਘੁੱਟ ਭਰ ਕੇ
ਕਾਵੈਂਟਰੀ ਦਾ ਰਾਜਾ ਬੋਲਿਆ,
ਮੇਰਾ ਤਖ਼ਤ ਨੀਵਾਂ ਹੈ
ਇਸਦੇ ਪਾਵੇ ਉੱਚੇ ਕਰੋ
ਹੋਰ ਉੱਚੇ—ਹੋਰ ਉੱਚੇ।

——

ਤਖ਼ਤ ਦੇ ਪਾਵੇ ਉੱਚੇ ਹੋਏ
ਪਰਜਾ ਉਤੇ ਟੈਕਸ ਲੱਗੇ
ਹੋਰ ਟੈਕਸ———ਹੋਰ ਟੈਕਸ।
ਰਾਜੇ ਦੇ ਟੈਕਸ:
ਕੋਹ ਸੁਲੇਮਾਨ, ਕੋਹ ਹਿਮਾਲਾ, ਕੋਹ ਹਿੰਦੂਕੁਸ਼
ਠੰਡੇ ਯਖ਼ ਐਲਪਸ।

——

ਰਈਅਤ ਦੇ ਹਉਕੇ:
ਨਵੰਬਰ-ਦਸੰਬਰ ਦੀਆਂ ਠੰਡੀਆਂ ਹਵਾਵਾਂ
ਰਈਅਤ ਦੇ ਹੰਝੂ:
ਇੰਗਲੈਂਡ ਦੀਆਂ ਬਾਰਿਸ਼ਾਂ:

——

ਰਾਜੇ ਦੀ ਰਾਣੀ——ਲੇਡੀ ਗੋਡੀਵਾ
ਰਾਜੇ ਦਾ ਦਿਲ

ਇਕ ਪੱਥਰ ਦਾ ਟੁਕੜਾ
ਗੁਲਾਬ ਦੀਆਂ ਪੱਤੀਆਂ ।

——

ਗੁਲਾਬ ਦੀਆਂ ਪੱਤੀਆਂ ।
ਅਪੀਲ ਵਾਂਗ ਬੋਲੀਆਂ :
ਡਾਰਲਿੰਗ ! ਇਹ ਜਨਤਾ
ਕ੍ਰਿਸਮਿਸ ਦਾ ਕੇਕ ਨਹੀਂ
ਖ਼ੂਨ ਆਖ਼ਿਰ ਖ਼ੂਨ ਹੈ
ਨਿਊ ਈਅਰ ਦੀ ਵਾਈਨ ਨਹੀਂ
ਤੁਸੀਂ ਬਾਗ ਦੇ ਮਾਲੀ ਹੋ
ਪਰ ਤੁਸੀਂ ਆਪਣੇ ਬੂਟਾਂ ਨਾਲ
ਫੁੱਲਾਂ ਨੂੰ ਕੁਚਲ ਰਹੇ ਹੋ
ਬਹਾਰ ਨੂੰ ਰੌਂਦ ਰਹੇ ਹੋ
ਡਾਰਲਿੰਗ ! ਇਹ ਜਬਰ ਹੈ
ਆਪਣਾ ਕਦਮ ਵਾਪਸ ਲਓ ।

——

ਪੱਥਰ ਦਾ ਟੁਕੜਾ ਬੋਲਿਆ :
ਕਦਮ ਵਾਪਸ ਹੋ ਸਕਦਾ ਹੈ
ਕੋਈ ਔਰਤ
ਨੰਗੀ ਹੋ ਕੇ
ਸਾਰੇ ਸ਼ਹਿਰ ਵਿਚੋਂ ਲੰਘੇ ।

——

ਗੁਲਾਬ ਦੀਆਂ ਪੱਤੀਆਂ
ਬੇਚੈਨ ਹੋ ਕੇ ਤੜਪੀਆਂ ।
ਬਾਗ਼ ਚਿੰਤਾਵਾਨ ਹੋਇਆ
ਏਡੀ ਬਲੀ ਕੌਣ ਦੇਵੇ ?
ਏਡੀ——ਚੰਨਾਂ ਸੂਰਜਾਂ ਤੋਂ ਉੱਚੀ ਔਰਤ
ਕਿਥੋਂ ਆਵੇ ?

——

ਆਖ਼ਿਰ ਰਾਣੀ ਆਪ ਉੱਠੀ
ਨਗਨ ਹੋ ਕੇ ਬਾਹਰ ਆਈ
ਘੋੜੇ ਉਤੇ ਬੈਠੀ
ਤੇ ਸ਼ਹਿਰ ਦੀਆਂ ਗਲੀਆਂ ਵਿਚੋਂ
ਠੁਮਕ ਠੁਮਕ ਜਾਣ ਲੱਗੀ ।

——

ਸ਼ਹਿਰ ਦੀਆਂ ਗਲੀਆਂ ਵਿਚ
ਅੱਗ ਦੀ ਲਾਟ ਭੜਕੀ
ਦੁਨੀਆਂ ਚਕਾ ਚੌਂਦ ਹੋਈ ।

——

ਅੱਗ ਦੇ ਕੱਪੜੇ ਨਹੀਂ ਸਨ
ਰੌਸ਼ਨੀ ਬਿਲਕੁਲ ਨੰਗੀ ਸੀ
ਸਚਾਈ ਨੰਗੀ ਹੁੰਦੀ ਹੈ
ਮਿਆਨ ਵਿਚੋਂ ਬਾਹਰ ਆਈ ਤਲਵਾਰ
ਨੰਗੀ ਹੁੰਦੀ ਹੈ

——

ਉਹ ਅੱਗ ਸੀ
ਮਿਆਨ ਵਿਚੋਂ ਬਾਹਰ ਆਈ ਤਲਵਾਰ ਸੀ
ਉਹ ਕਿਰਨ ਸੀ
ਉਹ ਰਿਸ਼ਮ ਸੀ
ਉਹ ਮੀਂਹ ਦੀ ਸੁੱਚੀ ਕਣੀ ਸੀ ।

——

ਮੀਂਹ ਦੀ ਸੁੱਚੀ ਕਣੀ
ਤੱਤੀ ਤਵੀ ਉਤੇ ਬੈਠੀ
ਤੇ ਤੱਤੀ ਤਵੀ ਸ਼ਾਂਤ ਹੋਈ ।

ਕਹਾਣੀ

ਨਿੱਕਾ ਜਿਹਾ ਮੁੰਡਾ

—ਪਰੇਮ ਗੋਰਖੀ

ਮੁੰਡੇ ਭਾਣੇ ਜੀਕਣ ਆਫਤ ਟੁਟ ਕੇ ਉਹਦੇ ਪੈਰਾਂ ਲਾਗੇ ਆ ਡਿਗੀ ਹੋਵੇ। ਉਹ ਮੁੜ ਮੁੜ ਹੱਥ ਪੈਰ ਮਾਰਦਾ ਕਿ ਹੇਠਾਂ ਡਿਗਿਆ ਗੋਭੀ ਦਾ ਫੁੱਲ ਕਿਵੇਂ ਨਾ ਕਿਵੇਂ ਉਹਦੇ ਹੱਥ ਲੱਗ ਜਾਵੇ ਪਰ ਉਹਦੀ ਛੋਟੀ ਜਹੀ ਬਾਂਹ ਸੀ ਕਿ ਫੁਲ ਤੋੜੀ ਅਪੜ ਹੀ ਨਹੀਂ ਸੀ ਰਹੀ। ਤੇ ਇਸ ਫੁਲ ਬਦਲੇ ਉਹਨੂੰ ਅੱਜ ਤਾਂ ਜ਼ਰੂਰ ਪ੍ਰੇਮ ਤੋਂ ਜਵਾਬ ਮਿਲ ਜਾਵੇਗਾ ਤੇ ਅੱਜ ਫਿਰ ਮਾਲਕ ਦੇ ਠੁਡੇ ਖਾਣ ਬਾਹਦੋਂ ਮਾਂ ਕੋਲੋਂ ਸੋਟੇ ਖਾ ਕੇ ਢਾਰੇ ਦੀ ਨੁੱਕਰੇ ਕੰਬਲੇ ਵਿਚ ਸੁਘੜ ਕੇ ਪੈਣਾ ਪਵੇਗਾ। ਤੇ ਇਸ ਸਭ ਕੁਝ ਬੀਤਣ ਬਾਰੇ ਸੋਚਦਾ ਮੁੰਡਾ ਆਪਣੇ ਆਪ ਤੇ ਖਿਝ ਕੇ ਰਹਿ ਗਿਆ।

ਸੋਨੇ ਰੰਗੀ ਧੁੱਪ ਦੇ ਨਿੱਕੇ ਨਿੱਕੇ ਟੋਟੇ ਅੰਬਰ ਛੂਹਵੇਂ ਦਰਖਤਾਂ ਦੀਆਂ ਟਾਹਣਾਂ ਤੇ ਪੱਤੀਆਂ ਵਿਚ ਲੁਕਦੇ ਛਿਪਦੇ ਥਰ ਥਰ ਕੰਬਦੇ ਧਰਤ ਤੀਕ ਆ ਪਹੁੰਚੇ ਸਨ। ਨਿੱਕੇ ਜਿਹੇ ਸਟੇਸ਼ਨ ਉਪਰੋਂ ਤੁਰਨੋਂ ਪਹਿਲਾਂ ਗੱਡੀ ਨੇ ਜ਼ੋਰ ਦੀ ਕੂਕ ਮਾਰੀ ਤਾਂ ਦ੍ਰਖਤਾਂ ਉਪਰ ਬੈਠੇ ਜਨੌਰ ਅਕਾਸ਼ ਉਡਾਰੀ ਭਰ ਉਠੇ ਤੇ ਛੱਕ ਛੱਕ ਕਰਦੀ ਤੁਰਦੀ ਗੱਡੀ ਦੇ ਨਾਲ ਹੀ ਮੁੜ ਕਾਹੀ ਦੇ ਦ੍ਰਖਤਾਂ ਉਪਰ ਬੈਠਦੇ ਗਏ।

ਸਟੇਸ਼ਨ ਉਪਰੋਂ ਗੱਡੀ ਤੁਰੀ ਤਾਂ ਸਟੇਸ਼ਨ ਮੁੜ ਪਹਿਲੇ ਵਾਂਗ ਉਜੜੇ ਡੇਰੇ ਜਿਹਾ ਹੋ ਗਿਆ। ਮੁੰਡਾ ਸਾਇਕਲ ਨੂੰ ਸਾਂਭੀ ਖੜਾ ਕਦੇ ਪੈਰਾਂ 'ਚ ਪਏ ਗੋਭੀ ਦੇ ਫੁਲ ਵਲ ਦੇਖਦਾ ਕਦੇ ਪਿਛਾਂਹ ਪਰਤ ਸਟੇਸ਼ਨ ਵਲ ਤੇ ਮਾਯੂਸ ਜਿਹਾ ਸਾਹਮਣੇ ਬਾਜ਼ਾਰ ਵਲ। ਅਚਾਨਕ ਕੰਧ ਪਿਛਿਓਂ ਦੋ ਬਾਬੂ ਕਿਸਮ ਦੇ ਆਦਮੀ ਹੱਥੀਂ ਰੋਟੀਆਂ ਵਾਲੇ ਚਮਕੀਲੇ ਡੱਬੇ ਫੜੀ ਰੇਲਵੇ ਲਾਈਨਾਂ ਟਪਣ ਲੱਗੇ ਤਾਂ ਮੁੰਡੇ ਦਾ ਔਖਾ ਸਾਹ ਰਤਾ ਸੁਖਾਲਾ ਹੋ ਗਿਆ। ਉਹਨੂੰ ਪੈਰਾਂ ਹੇਠਲੀ ਠੰਡੀ ਧਰਤ ਕੁਝ ਨਿੱਘੀ ਨਿੱਘੀ ਲਗਣ ਲਗੀ ਤੇ ਉਹਨੇ ਝਟ ਸੋਚਿਆ ਮੈਂ ਜ਼ਰਾ ਨਿਵ ਕੇ ਆਖਾਂਗਾ, "ਬਾਬੂ ਜੀ...ਬਾਬੂ ਜੀ ਐਹ ਜ਼ਰਾ ਫੜਾਣਾ—ਨਹੀਂ ਮੈਂ ਆਖਾਂਗਾ ਬਾਬੂ ਜੀ ਮਿਨਤ ਹੈ ਜ਼ਰਾ ਫੜਾਇਆ ਜੇ ਮੇਰੇ ਪਿਤਾ..." ਉਹ ਸੋਚਦਾ ਹੈ...ਕਈ ਕੁਝ...ਤੇ ਜਦ ਨੂੰ ਦੋਨੋਂ ਆਦਮੀ ਉਸਦੇ ਪਾਸ ਹੀ ਆ ਜਾਂਦੇ ਹਨ। ਉਹ ਇਕ ਦਮ ਕੁਝ ਬੋਲਣ ਲਗਦਾ ਹੈ ਤੇ ਭੁਲ ਜਾਂਦਾ ਹੈ ਕੀ ਬੋਲੇ। ਆਦਮੀ ਧੂੜ ਤੇ ਤਰੇਲ ਭਿੱਜੇ ਘਾਹ ਤੋਂ ਸਾਂਭ ਸਾਂਭ ਪੈਰ ਧਰਦੇ ਮੁੰਡੇ ਦੇ ਪਾਸ ਆਏ ਤਾਂ ਉਹਨੇ ਬੁੱਸੇ ਬੋਲੀਂ ਆਖਿਆ, "ਬਾਬੂ ਜੀ ਐਹ ਜਰਾ...ਬਾਬੂ..." ਪਰ ਆਦਮੀਆਂ ਰਤਾ ਮੂੰਹ ਘੁਮਾਵਾਂ ਵੀ ਹੁੰਗਾਰਾ ਨਾ ਭਰਿਆ। ਹੁਣ ਮੁੰਡੇ ਦੇ ਲੱਕ ਉਪਰ ਜਿਵੇਂ ਨੇੜਲਾ ਦਰਖਤ ਤੜਾਕ ਦੇਣੀ ਟੁਟ ਕੇ ਆ ਪਿਆ ਹੋਵੇ।

ਮੁੰਡਾ ਰੋਣ-ਹਾਖਾ ਜਿਹਾ ਥਾਏਂ ਖੜਾ ਰਿਹਾ। ਠੰਡੀ ਪੌਣ ਦਾ ਕੋਈ ਕੋਈ ਬੁੱਲਾ ਦਰਖਤਾਂ ਦੀਆਂ ਟਾਹਣਾਂ ਚੋਂ ਝਰ ਝਰ ਆਉਂਦੇ ਚਾਨਣ ਦੇ ਟੋਟਿਆਂ ਨੂੰ ਕੰਬਾ ਕੇ ਸੁਟ ਜਾਂਦਾ। ਚੁਪ ਜਹੀ ਠੰਡੀ ਪੌਣ ਨੰਗੀਆਂ ਲੱਤਾਂ ਚੀਂ ਹੁੰਦੀ ਸਾਈਕਲ ਸਾਂਭੀ ਖੜੇ ਮੁੰਡੇ ਦੀ ਨਿੱਕੀ ਜਿਹੀ ਧੱਕ ਧੱਕ ਕਰਦੀ ਹਿਕ ਅੰਦਰ ਝਰਨਾਟ ਛੇੜ ਜਾਂਦੀ। ਠੰਡ ਨਾਲ ਸੁਕੜੀਆਂ ਅੱਖਾਂ ਮੂਹਰੇ ਲਗਾਤਾਰ ਉਹ ਦ੍ਰਿਸ਼ ਆ ਰਿਹਾ ਸੀ...ਮਾਂ ਤੇ ਮੰਦਰ ਵਾਲਾ ਮੁੱਛਲ ਪੰਡਤ ਤੇ ਕੋਹਰੇ ਭਰੀ ਬਦਤਮੀਜ਼ ਕਾਲੀ ਸ਼ਾਹ ਰਾਤ।

ਇੰਨਾ ਵੱਡਾ ਟੋਕਰਾ ਸਾਲਮ ਦਾ ਸਾਲਮ ਗੋਭੀ ਨਾਲ ਭਰਿਆ ਪਿਆ ਸੀ ਤੇ ਇਸ ਤਰਤੀਬ ਨਾਲ ਫੁਲਾਂ ਨੂੰ ਇਕ ਦੂਜੇ ਵਿਚ ਚਿਣ ਚਿਣ ਰਖਿਆ ਹੋਇਆ ਸੀ ਕਿ ਇਕ ਫੁੱਲ ਵੀ ਹਿੱਲ ਨਾ ਸਕਦਾ। ਪਰ ਇਹ ਹਰਾਮ ਖੋਰ ਫੁੱਲ ਪਤਾ ਨਹੀਂ ਕੀਕਣ ਝਟ ਭੌਂਇ ਉਪਰ ਆ ਪਿਆ ਸੀ ਤੇ ਡਿਗਿਆ ਵੀ ਉਥੇ ਜਿਥੋਂ ਪੈਰ ਤੇ ਉਤਰਾਈ ਸੀ ਤੇ ਨੀਵਾਂ ਨੀਵਾਂ ਰਾਹ ਜਾ ਕੇ ਛੋਟੇ ਜਿਹੇ ਬਾਜ਼ਾਰ ਵਿਚ ਮੁਕ ਜਾਂਦਾ ਸੀ। ਇੰਨਾ ਨੀਵਾਂ ਰਾਹ ਕਿ ਬੰਦਾ ਸਾਈਕਲ ਨੂੰ ਫੜੀ ਰਿੜ੍ਹਿਆ ਜਾਂਦਾ ਉਡਦਾ ਜਾਂਦਾ।......ਤੇ ਇਹ ਸਾਈਕਲ ਜੀਹਦੇ ਮਗਰ ਗੋਭੀ ਨਾਲ ਭਰਿਆ ਟੋਕਰਾ ਲਦਿਆ ਪਿਆ ਸੀ ਤੇ ਮੂਹਰੇ ਹੈਂਡਲ ਨਾਲ ਹੋਰ ਨਿੱਕ-ਸੁਕ ਨਾਲ ਤੁੰਨਿਆ ਥੈਲਾ ਟੰਗਿਆ ਹੋਇਆ ਤੇ ਫਿਰ ਮੂਲੋਂ ਬਾਲ ਜਿਹਾ ਮੁੰਡਾ ਜੀਹਦੇ ਤੋਂ ਸਾਈਕਲ ਮਸਾਂ ਇਕ ਹੱਥ ਨੀਵਾਂ ਹਊ......ਤੇ

ਫਿਰ ਪੈਰਾਂ 'ਚ ਪਏ ਫੁੱਲ ਨੂੰ ਚੁਕੇ ਬਿਨਾਂ ਇਕ ਕਦਮ ਨਾ ਅਗੇ ਤੁਰ ਸਕੇ......ਭਲਾ ਕਿਹੜੀ ਹਾਲਤ 'ਚ ਰੁਕਿਆ ਖੜਾ ਹਊ......ਕਿਆਸਿਆਂ ਹੀ ਜੀਭ ਟੁਕੀ ਜਾਂਦੀ ਹੈ।

ਮੁੰਡਾ ਇਕ ਟੱਕ ਗੋਭੀ ਦੇ ਫੁੱਲ ਵਲ ਦੇਖੀ ਗਿਆ... ਗੋਭੀ ਦੇ ਫੁੱਲ ਜਿਹਦੇ ਵਿਚ ਅਡੋਲ ਬੈਠੀ ਉਹਦੀ ਮਾਂ ਜੀਕਣ ਉਸ ਨੂੰ ਘੂਰ ਰਹੀ ਹੋਵੇ...ਅਡੋਲ ਜੀਕਣ ਉਹਦਾ ਦੁਕਾਨਦਾਰ ਮਾਲਕ ਉਹਨੂੰ ਖਾਣ ਨੂੰ ਆ ਰਿਹਾ ਹੋਵੇ...ਅਡੋਲ ਮੰਦਰ ਦਾ ਮੁੱਛਲ ਪੰਡਤ 'ਕਾਕਾ ਕਾਕਾ' ਕਹਿੰਦਾ ਹਸਦਾ ਜੀਕਣ ਉਹਨੂੰ ਚਬਦਾ ਜਾ ਰਿਹਾਂ ਹੋਵੇ।—ਤੇ ਮਾਯੂਸ ਰੋਣ ਹਾਕਾ ਮੁੰਡਾ ਜਿਵੇਂ ਹੁਣੇ ਧਾਹੀਂ ਰੋ ਉਠੇਗਾ। ਪਰਸੋਂ ਵੀ ਇਹੋ ਜਿਹ ਫੂਲ ਬਦਲੇ ਹੀ ਉਹਨੂੰ ਮਾਲਕ ਦੇ ਠੁਡੇ ਖਾਣੇ ਪਏ ਸਨ...ਤਕੜੀ ਫੜੀ ਉਹ ਸਬਜ਼ੀ ਤੋਲ ਰਿਹਾ ਸੀ ਕਿ ਵੱਟੇ ਉਪਰ ਟਿਕਾਈ ਗੋਭੀ ਉਪਰੋਂ ਰਿੜਦਾ ਰਿੜਦਾ ਫੂਲ ਹੇਠ ਆ ਡਿਗਿਆ ਤੇ ਧੁਦਲ ਵਿਚ ਲੱਥ ਪੱਥ ਹੋ ਗਿਆ। ਤੇ ਫਿਰ ਇਕ ਮਿੰਟ ਵਿਚ ਹੀ ਮਾਲਕ ਨੇ ਉਹਨੂੰ ਵੀ ਉਸੇ ਫੂਲ ਨੇੜੇ ਧੁਦਲ ਵਿਚ ਲੱਥ ਪੱਥ ਕਰਦਿਆਂ ਠੁੱਡਿਆਂ ਨਾਲ ਉਹਦਾ ਪਿੰਡਾ ਤਰੋੜ ਮਰੋੜ ਕੇ ਰੱਖ ਦਿਤਾ ਸੀ। ਤੇ ਰਾਤੀਂ ਜਦੋਂ ਮਾਂ ਨੇ ਅੰਦਰ ਵੜਦਿਆਂ ਉਹਨੂੰ ਡੁਸਕਦਿਆਂ ਦੇਖਿਆ ਸੀ ਤਾਂ ਉਹ ਗਾਲ੍ਹਾਂ ਕਢਦੀ ਉਹਨੂੰ ਥਾਪੜਣ ਲਗ ਪਈ ਸੀ—ਤੇ ਸਾਰੀ ਰਾਤ ਫਿਰ ਕੰਬਲ ਵਿਚ ਸੁੰਘੜਿਆ ਬੈਠਾ ਉਹ ਅੱਖਾਂ ਸੌਂਹੇ ਧਰਤ ਪਾਟਦੀ ਦੇਖਦਾ ਰਿਹਾ ਸੀ। ਸ਼ਰਾਬੀ ਪੰਡਤ ਹਨੇਰੇ ਵਿਚ ਮਾਂ ਨੂੰ ਗਾਲ੍ਹਾਂ ਕਢਦਾ ਤੋੜ ਤੋੜ ਖਾਂਦਾ ਜਾ ਰਿਹਾ ਸੀ। ਹੁਣ ਮੁੰਡੇ ਨੇ ਹੌਲੀ ਹੌਲੀ ਪੈਰ ਦਾ ਅੰਗੂਠਾ ਫੂਲ ਦੇ ਡੰਡਲ ਵਿਚ ਫਸਾ ਕੇ ਫੂਲ ਉਪਰ ਨੂੰ ਥੋੜਾ ਜਿਹਾ ਹੀ ਚੁਕਿਆ ਤਾਂ ਫੂਲ ਫਿਰ ਪੈਰੋਂ ਹੇਠ ਜਾ ਪਿਆ। ਮੁੰਡਾ ਇਧਰ ਉਧਰ ਦੇਖਦਾ ਸੋਚਣ ਲੱਗਾ ਕਿਉਂ ਨਾ ਫੁੱਲ ਨੂੰ ਪੈਰ ਨਾਲ ਰਸਤੇ ਚੋਂ ਪਰ੍ਹਾਂ ਸੁਟ ਕੇ ਤੁਰਦਾ ਬਣਾਂ...ਪਰ ਨਾਲ ਹੀ ਸਾਵਾਂ ਖੜਾ ਮਾਲਕ ਉਹਨੂੰ ਲਹੂ ਪੀਂਦਾ ਜਾਪਿਆ ਤਾਂ ਉਹਦੀ ਸੋਚ ਕੰਬ ਗਈ।

ਠੰਡ ਨਾਲ ਮੁੰਡੇ ਦੀਆਂ ਲਤਾਂ ਕੰਬਦੀਆਂ ਗਈਆਂ। ਸਾਈਕਲ ਪਿਛੇ ਲੱਦੇ ਟੋਕਰੇ ਵਲ ਦੇਖ ਕੇ ਮੁੰਡੇ ਨੇ ਖਿਝ ਕੇ ਸਾਈਕਲ ਨੂੰ ਝੰਜੋੜਿਆ ਤੇ ਦੰਦਾਂ ਹੇਠ ਬੁਲ੍ਹਾਂ ਨੂੰ ਰਿਥਦਾ ਵੱਧੀਆਂ ਵਿਚ ਖੁਭਦੀ ਜਾਂਦੀ ਠੰਡ ਨੂੰ ਭੁਲਣ ਲੱਗਾ। ਉਹਨੇ ਗੁਸੇ ਭਰੀਆਂ ਅੱਖਾਂ ਦੇ ਡੇਲਿਆਂ ਨੂੰ ਘੁਮਾਉਂਦਿਆਂ ਲਦੇ ਲਧਾਏ ਸਾਈਕਲ ਦੇ ਪੁਰਜ਼ੇ ਪੁਰਜ਼ੇ ਵਿਚ ਖੁਭ ਕੇ ਦੇਖਿਆ—ਤੇ ਫਿਰ ਤਰਦੀ ਨਜ਼ਰੇ ਹੇਠ ਨੂੰ ਜਾਂਦੀ ਕੱਚੀ ਡੰਡੀ ਵਲ ਝਾਕਦਿਆਂ ਸਾਹਮਣੇ ਛੋਟੇ ਜਿਹੇ ਬਜ਼ਾਰੋਂ ਪਰੇ ਫੈਕਟਰੀ ਦੀ ਚਿਮਨੀ ਚੋਂ ਨਿਕਲਦੇ ਧੂਏਂ ਨੂੰ ਗਹੁ ਨਾਲ ਦੇਖਿਆ। ਇਕ ਇਕ ਘੜੀ ਮੁੰਡਾ ਅੰਬਰ ਵਲ ਪੇਚ ਖਾਂਦੇ ਉਡਦੇ ਜਾਂਦੇ ਧੂਏਂ ਨੂੰ ਦੇਖੀ ਗਿਆ...ਜਿਵੇਂ ਉਹਨੂੰ ਪੈਰਾਂ ਹੇਠ ਪਏ ਗੋਭੀ ਦੇ ਫੂਲ ਦਾ ਚੇਤਾ ਹੀ ਭੁਲ ਗਿਆ ਹੋਵੇ। ਪਰ ਨਹੀਂ ਉਹਨੇ ਉਸੇ ਪਲ ਗੋਭੀ ਦੇ ਫੂਲ ਵਲ ਦੇਖਿਆ ਤੇ ਮੂੰਹ ਵਿਚ ਮਾਲਕ ਨੂੰ ਗਾਲ੍ਹੀਆਂ ਦੇਣ ਲਗ ਪਿਆ। ਪਰ ਝਟ ਉਹਨੇ ਤ੍ਰਬਕ ਕੇ ਅਗੇ ਪਿਛੇ ਦੇਖਿਆ ਕਿ ਕਿਤੇ ਕੋਈ ਉਸਦੇ ਇਸ ਖਿਆਲ ਨੂੰ ਜਾਣ ਤਾਂ ਨਹੀਂ ਰਿਹਾ। ਧੂਏਂ ਵਲ ਦੇਖਦਿਆਂ ਉਹਨੂੰ ਪਿਛਲੇ ਦਿਨੀਂ ਹੜਤਾਲ ਉਪਰ ਰਹੇ ਕਾਮਿਆਂ ਦਾ ਖਿਆਲ ਆਇਆ ਸੀ ਜਿਹਨਾਂ ਚੋਂ ਇਕ ਨੂੰ ਫੈਕਟਰੀ ਮਾਲਕ ਦੇ ਗੁੰਡਿਆਂ ਨਹਿਰ ਦੇ ਪੁਲ ਉਪਰ ਘੇਰ ਕੇ ਪਾਰ ਬੁਲਾ ਦਿਤਾ ਸੀ। ਇਸ ਗੱਲ ਦੀ ਇਸ ਛੋਟੇ ਜਿਹੇ ਸ਼ਹਿਰ ਵਿਚ ਕਣ ਕਣ ਨੂੰ ਸਾਰ ਸੀ। ਤੇ ਮਾਲਕ ਦਾ ਖਿਆਲ ਆਉਂਦਿਆਂ ਹੀ ਉਹਨੂੰ ਆਪਣੇ ਮਾਲਕ ਦਾ ਖਿਆਲ ਆ ਗਿਆ ਸੀ। ਤੇ ਉਹਨੇ ਕਿੰਨਾ ਚਿਰ ਮਾਲਕ ਨੂੰ ਮੰਦਾ ਚੰਗਾ ਬੋਲਿਆ ਤੇ ਫਿਰ ਝਟ ਉਹਨੇ ਅਗੇ ਪਿਛੇ ਦੇਖਿਆ...... ਸਹਿਜੇ ਜਿਹੇ ਸਾਇਕਲ ਨੂੰ ਸਾਂਭਦਿਆਂ ਹਥ ਹੇਠ ਨੂੰ ਵਧਾਇਆ ਕਿ ਫੁੱਲ ਚੁਕ ਹੀ ਲਿਆ ਜਾਵੇ। ਜਦੋਂ ਹੀ ਉਸ ਨੇ ਹਥ ਵਧਾਇਆ ਮੁੜਦਾ ਹੋਇਆ ਉਹਦਾ ਗੋਡਾ ਪੈਡਲ ਦੀ ਕਿਲੀ ਵਿਚ ਲੱਗ ਕੇ ਛਿਲਿਆ ਗਿਆ। ਇਕ ਚੀਸ ਉਹ-ਦੀਆਂ ਅੱਖਾਂ ਵਿਚ ਭਰ ਉਤਰੀ—ਤੇ ਉਹਨੇ ਰੋਹ ਨਾਲ ਸਾਈਕਲ ਨੂੰ ਝੰਜੋੜਿਆ। ਇਕ ਪਲ ਉਹਨੂੰ ਮਹਿਸੂਸ ਹੋਇਆ ਜੀਕਣ ਮਾਲਕ, ਮੰਦਰ ਦਾ ਪੰਡਤ ਤੇ ਮਾਂ ਉਹਦੇ ਮੋਢਿਆਂ ਉਪਰ ਭਾਰ ਪਾਈ ਬੈਠੇ ਹੋਣ—ਜੀਕਣ ਉਹਨੂੰ ਅੰਦਰੋਂ ਚਰੂੰਡ ਰਹੇ ਹੋਣ—ਇਕ ਪਲ ਉਹਦੀਆਂ ਅਖਾਂ ਟੱਡੀਆਂ ਗਈਆਂ......ਉਹਦੇ ਪਿੰਡੇ 'ਚੋਂ ਅੱਗ ਨਿਕਲਣ ਲੱਗੀ ਤੇ ਉਹਨੇ ਕੰਬਦੇ ਹੱਥੀ ਸਾਈਕਲ ਨੂੰ ਜ਼ੋਰ ਨਾਲ ਹੇਠ ਨੂੰ ਰੋੜਾ ਦਿਤਾ। ਤੇ ਫਿਰ ਆਪ—ਆਪ ਖੜਾ ਆਸ ਪਾਸ ਨੂੰ ਘੂਰੀ ਗਿਆ। ●

ਬੰਗਲਾ ਦੇਸ਼ : ਕਿੱਥੋਂ ਕਿੱਥੇ, ਕਿੱਧਰ ਨੂੰ ?

—ਬਲਜੀਤ ਪੰਨੂੰ—

ਸਾਡੇ ਪੂਰਬੀ ਗੁਆਂਢੀ, ਬੰਗਲਾ ਦੇਸ਼ ਵਿਚ ਅਜ ਕਲ੍ ਜੋ ਕੁਝ ਵਾਪਰ ਰਿਹਾ ਹੈ ਉਹ ਹਰ ਪਾਸੇ ਡੂੰਘੀ ਦਿਲਚਸਪੀ ਦਾ ਕੇਂਦਰ ਬਣਿਆ ਹੋਇਆ ਹੈ। ਨਿੱਤ ਵਾਪਰ ਰਹੀਆਂ ਨਵੀਆਂ ਘਟਨਾਵਾਂ ਅਖਬਾਰਾਂ ਦੇ ਪਹਿਲੇ ਪੰਨਿਆਂ ਵਿਚ ਮੁੱਖ ਥਾਂ ਪ੍ਰਾਪਤ ਕਰਦੀਆਂ ਆ ਰਹੀਆਂ ਹਨ। ਇਹਨਾਂ ਘਟਨਾਵਾਂ ਦਾ ਵਹਿਣ ਏਨਾ ਤੇਜ਼ ਤੇ ਗੁੰਝਲਦਾਰ ਹੈ ਕਿ ਬੰਗਲਾ ਦੇਸ਼ ਪਿਛਲੇ ਸਵਾ ਕੁ ਤਿੰਨ ਮਹੀਨਿਆਂ ਦੌਰਾਨ ਕਈ ਇਤਿਹਾਸਕ ਮੋੜ ਕੱਟ ਗਿਆ ਹੈ ਅਤੇ ਇਹਨਾਂ ਮੋੜ-ਘੋੜਾਂ ਦਾ ਅਜੇ ਕੋਈ ਸਪੱਸ਼ਟ ਅੰਤ ਨਜ਼ਰ ਨਹੀਂ ਆਉਂਦਾ। ਘਟਨਾਵਾਂ ਦਾ ਇਹ ਵਹਿਣ ਏਨਾ ਤੇਜ਼ ਹੈ ਕਿ ਲਗਪਗ ਹਰ ਰੋਜ਼ ਉਸ ਤੋਂ ਪਿਛਲੇ ਦਿਨ ਨਾਲੋਂ ਸਥਿਤੀ ਵੱਖਰੀ ਹੁੰਦੀ ਹੈ। ਤੇ ਇਹ ਗੱਲ ਵੀ ਕੋਈ ਵੱਡੀ ਨਹੀਂ ਹੋਵੇਗੀ ਕਿ ਹਥਲਾ ਲੇਖ "ਵਰਿਆਮ" ਦੇ ਪਾਠਕਾਂ ਤਕ ਪਹੁੰਚਣ ਤੋਂ ਪਹਿਲਾਂ ਹੀ ਬੰਗਲਾ ਦੇਸ਼ ਕਈ ਹੋਰ ਅਹਿਮ ਮੋੜ ਕੱਟ ਕੇ ਇਕ ਨਵੀਂ ਸਥਿਤੀ ਵਿਚ ਦਾਖਲ ਹੋ ਜਾਵੇ।

ਸਵਾ ਕੁ ਤਿੰਨ ਮਹੀਨਿਆਂ ਦੀਆਂ ਇਹਨਾਂ ਘਟਨਾਵਾਂ ਦਾ ਵਹਿਣ ਖ਼ੂਨੀ ਹੈ, ਜਿਸ ਵਿਚ ਸਭ ਤੋਂ ਪਹਿਲਾਂ 4 ਸਾਲ ਪਹਿਲਾਂ ਹੀ ਜਨਮੇ ਇਸ ਦੇਸ਼ ਦੇ ਪਿਤਾ ਨਿਰਮਾਤਾ ਸ਼ੇਖ਼ ਮੁਜੀਬਰ ਰਹਿਮਾਨ ਤੇ ਉਸ ਦੇ ਨੌਂ-ਸਾਲਾ ਪੁਤਰ ਰਸਲ ਸਮੇਤ ਸਾਰੇ ਪ੍ਰਵਾਰ ਦਾ ਖ਼ੂਨ ਡੁਲ੍ਹਿਆ। 15 ਅਗਸਤ ਦੇ ਪਹੁ-ਫੁਟਾਲੇ ਨਾਲ ਵਾਪਰੇ ਇਸ ਸਾਕੇ ਤੋਂ ਬਾਅਦ ਬੰਗਲਾ ਦੇਸ਼ ਦੇ ਮੁਕਤੀ ਸੰਗਰਾਮ ਦੇ 4 ਹੋਰ ਵੱਡੇ ਮੋਹਰੀ ਆਗੂ—ਸਯਦ ਨਜ਼ਰੁਲ ਇਸਲਾਮ, ਤਾਜੁੱਦੀਨ ਅਹਿਮਦ, ਮਨਸੂਰ ਅਲੀ, ਏ. ਐਚ. ਐਮ. ਕਮਰੁਜ਼ਮਾਨ – ਸ਼ਹੀਦ ਕਰ ਕੇ ਇਸ ਵਹਿਣ ਵਿਚ ਸੁੱਟ ਦਿਤੇ ਗਏ ਹਨ। ਇਹਨਾਂ ਤੋਂ ਇਲਾਵਾ, ਅਨੇਕਾਂ ਹੋਰ ਉੱਘੀਆਂ ਸ਼ਖਸੀਅਤਾਂ ਤੇ ਦੇਸ਼ ਭਗਤ ਤੇ ਅਗਾਂਹ-ਵਧੂ ਜਥੇਬੰਦੀਆਂ ਦੇ ਕਾਰਕੁਨ ਵੀ ਇਸ ਦੀ ਭੇਂਟ ਚੜ੍ਹ ਚੁਕੇ ਹਨ। ਇਹਨਾਂ ਸਾਰੇ ਸ਼ਹੀਦਾਂ ਬਾਰੇ ਪੂਰੇ ਵੇਰਵੇ ਦੀ ਹਾਥ ਲੈ ਸਕਣਾ ਅਜੇ ਸ਼ਾਇਦ ਕਿਸੇ ਦੇ ਵਸ ਦੀ ਗੱਲ ਨਹੀਂ।

ਤਾਂ ਵੀ, ਬੰਗਲਾ ਦੇਸ਼ ਦੀਆਂ ਘਟਨਾਵਾਂ ਦੀ ਤੋਰ ਨੂੰ ਸਮਝਣ ਲਈ ਪਿਛਲੀਆਂ ਉਤੇ ਤੇਰਵੀਂ ਝਾਤ ਪਾਉਣੀ ਜ਼ਰੂਰੀ ਹੈ।

ਜਿਵੇ ਕਿ ਉਪਰ ਆਖਿਆ ਗਿਆ ਹੈ, ਇਹ ਘਟਨਾ-ਚੱਕਰ 15 ਅਗਸਤ ਦੀ ਸਵੇਰ ਨੂੰ ਸ਼ੁਰੂ ਹੋਇਆ ਜਦੋਂ ਬੰਗਲਾ ਦੇਸ਼ ਦੀ ਫੌਜ ਦੇ 47 ਅਫਸਰਾਂ ਨੇ ਇਕ ਸਕੀਮ ਬਣਾ ਕੇ ਬੰਗਾ ਬੰਧੂ ਸ਼ੇਖ਼ ਮੁਜੀਬ ਤੇ ਉਸ ਦੇ ਪਰਵਾਰ ਨੂੰ ਕਤਲ ਕਰ ਦਿਤਾ ਅਤੇ ਰਾਸ਼ਟਰਪਤੀ ਭਵਨ ਉਤੇ ਕਬਜ਼ਾ ਕਰ ਕੇ ਮੁਜੀਬ ਮੰਤਰੀ ਮੰਡਲ ਦੇ ਹੀ ਇਕ ਮੈਂਬਰ ਖਾਂਡੇਕਰ ਮੁਸ਼ਤਾਕ ਅਹਿਮਦ ਨੂੰ ਰਾਸ਼ਟਰਪਤੀ ਬਣਾ ਲਿਆ। ਅਤੇ ਸਕੀਮ ਦੇ 6 ਮੋਹਰੀ ਅਫਸਰ ਮੁਸ਼ਤਾਕ ਨਾਲ ਹੀ ਰਾਸ਼ਟਰ-ਪਤੀ ਭਵਨ ਵਿਚ ਬੈਠ ਗਏ। ਉਹਨਾਂ ਉਹ ਸਭ ਕੁਝ ਉਲਝਾਉਣਾ ਸ਼ੁਰੂ ਕਰ ਦਿਤਾ ਜੋ ਮੁਜੀਬ ਦੀ ਸਰਕਾਰ ਨੇ ਬਣਾਇਆ ਸੀ। ਇਹਨਾਂ ਵਿਚ ਸਿਰੇ ਦੇ ਕੱਟੜ ਫ਼ਿਰਕੂਆਂ, ਅਮਰੀਕਾ-ਪੱਖੀਆਂ ਤੇ ਚੀਨ-ਪੱਖੀਆਂ ਨੂੰ ਰਿਹਾ ਕਰਨਾ; ਬੰਗਲਾ ਦੇਸ਼ ਦੀਆਂ ਕੁਝ ਅਹਿਮ ਸਨਅਤਾਂ ਵਿਚੋਂ ਕੌਮੀਕਰਣ ਖਤਮ ਕਰਨਾ; ਅਖਬਾਰਾਂ ਨੂੰ ਫੇਰ ਪੁਰਾਣੇ ਮਾਲਕਾਂ ਦੇ ਹਵਾਲੇ ਕਰ ਦੇਣਾ; ਦੇਸ਼ ਦੀ ਇਕੋ ਇਕ ਰਾਜਸੀ ਪਾਰਟੀ 'ਬੰਗਲਾ ਦੇਸ਼ ਕ੍ਰਿਸ਼ਕ ਸ਼੍ਰਮਿਕ ਅਵਾਮੀ ਲੀਗ" ਦਾ ਭੋਗ ਪਾ ਦੇਣਾ, ਆਦਿ ਕਾਰਵਾਈਆਂ ਸ਼ਾਮਲ ਹਨ। ਪਰ ਫੇਰ ਵੀ ਉਹ ਦੇਸ਼ ਨੂੰ ਆਪਣੀ ਮਰਜ਼ੀ ਦਾ ਮੋੜਾ ਨਾ ਦੇ ਸਕੇ। ਨਿੱਕੇ ਮੋਟੇ ਵਿਰੋਧਾਂ ਤੋਂ ਬਾਅਦ ਉਹਨਾਂ ਨੂੰ ਤਿੰਨ ਨਵੰਬਰ ਦੀ ਸਵੇਰ ਨੂੰ ਫੌਜ ਵਿਚੋਂ ਹੀ ਇਕ ਵੱਡੇ ਚੈਲੰਜ ਦਾ ਸਾਹਮਣਾ ਕਰਨਾ ਪਿਆ। ਮੇਜਰ ਜਨਰਲ ਖ਼ਾਲਿਦ ਮੁਸ਼ੱਰਫ਼ ਦੀ ਅਗਵਾਈ ਹੇਠ ਫੌਜੀ ਅਫ਼ਸਰਾਂ ਦੇ

ਇਕ ਗਰੁੱਪ ਨੇ 15 ਅਗਸਤ ਦੇ ਰਾਜ ਪਲਟੇ ਦੇ ਚਾਲਕ ਅਫਸਰਾਂ ਦੀ ਹਕੂਮਤ ਉਲਟਾ ਦਿਤੀ ਭਾਵੇਂ ਉਹ ਤਾਜੁੱਦੀਨ ਅਹਿਮਦ, ਸਯਦ ਨਜ਼ਰੁਲ ਇਸਲਾਮ, ਮਨਸੂਰ ਅਲੀ ਤੇ ਏ. ਐਚ. ਐਮ. ਕਮਰੁਜ਼ਮਾਨ ਨੂੰ ਢਾਕਾ ਜੇਲ੍ਹ ਵਿਚ ਸ਼ਹੀਦ ਕਰ ਕੇ ਆਪ ਬੰਕਾਕ (ਥਾਈਲੈਂਡ) ਦੌੜ ਗਏ। ਇਹਨਾਂ ਨੂੰ ਦੁੜਾਉਣ ਵਿਚ ਖਾਂਡੇਕਰ ਮੁਸ਼ਤਾਕ ਅਹਿਮਦ ਦਾ ਖਾਸ ਹੱਥ ਸੀ, ਜਿਸ ਦਾ ਕਾਰਨ ਖਾਨਾ ਜੰਗੀ ਛਿੜਨ ਬਾਰੇ ਉਸ ਦੀ "ਬੇਹੱਦ ਚਿੰਤਾ" ਦਸਿਆ ਗਿਆ। ਖ਼ਾਲਿਦ ਮੁਸ਼ੱਰਫ਼ ਦੀ ਸਰਕਾਰ ਬਣਨ ਨਾਲ ਜਿਵੇਂ ਸਾਰੇ ਦੇਸ਼ ਦੇ ਲੋਕਾਂ ਅਗੋਂ ਬੰਨ੍ਹ ਟੁਟ ਗਿਆ। ਸਾਰਾ ਬੰਗਲਾ ਦੇਸ਼ ਮੁਜੀਬ ਦੇ ਸੋਗ ਵਿਚ ਲਹੂ ਦੇ ਹੰਝੂ ਰੋਣ ਲਗ ਪਿਆ। ਇਕ ਦਮ ਸਾਰਾ ਦੇਸ਼ ਧਾਹਾਂ ਮਾਰ ਰਿਹਾ ਸੀ, ਜਿਹੜਾ 15 ਅਗਸਤ ਨੂੰ ਸ਼ੇਖ ਦੇ ਸਾਰੇ ਪਰਵਾਰ ਦੇ ਕਤਲ ਤੋਂ ਦਹਿਲ ਕੇ ਸੁੰਨ ਹੋਇਆ ਬੈਠਾ ਸੀ। ਅਸਲ ਵਿਚ, ਮੌਤ ਦੇ ਸਹਿਮ ਹੇਠ ਕਾਇਮ ਰਹੀ ਇਹ ਸੁੰਨਤਾ ਹੀ ਸੀ ਜਿਸ ਨੇ ਪਹਿਲਾਂ ਦੇਸ਼ ਵਿਚ ਗ਼ਮ ਦੇ ਹੰਝੂ ਡਰ ਨਾਲ ਸੁਕਾ ਦਿਤੇ ਪਰ ਫੇਰ ਇਹ ਅੱਗ ਬਣ ਗਏ ਜਿਹਨਾਂ ਤਿੰਨ ਨਵੰਬਰ ਦਾ ਪਟਾਕਾ ਪਾ ਦਿਤਾ। ਖ਼ਾਲਿਦ ਮੁਸ਼ੱਰਫ਼ ਦੀ ਸਰਕਾਰ ਨੇ ਖਾਂਡੇਕਰ ਸਰਕਾਰ ਵਲੋਂ ਕੀਤੇ ਗਲਤ ਕੰਮਾਂ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕੀਤੀ। ਪਰ ਵਿਰੋਧੀ ਤਾਕਤਾਂ ਵਧੇਰੇ ਹੁਸ਼ਿਆਰ ਤੇ ਚੁਸਤ ਨਿਕਲੀਆਂ। ਮੁਸ਼ੱਰਫ਼ ਦੀ ਅਗਵਾਈ ਹੇਠਲੀ ਸਰਕਾਰ ਨੂੰ ਤਿੰਨ ਦਿਨ ਪੂਰੇ ਕਰਨ ਤੋਂ ਵੀ ਪਹਿਲਾਂ ਹੀ ਉਲਟਾ ਦਿਤਾ ਗਿਆ। ਫ਼ੌਜ ਦੇ ਮੁਖੀ ਮੇਜਰ ਜਨਰਲ ਜ਼ਿਆ-ਉਰ ਰਹਿਮਾਨ ਨੇ ਰੇਡੀਓ ਤੋਂ ਐਲਾਨ ਕੀਤਾ ਕਿ "ਫੌਜ ਦੀ ਬੇਨਤੀ" ਉਤੇ ਉਹ ਦੇਸ਼ ਦੀ ਕਮਾਨ ਸੰਭਾਲ ਰਹੇ ਹਨ। ਹੁਣ ਖ਼ਾਲਿਦ ਮੁਸ਼ੱਰਫ਼ ਨੂੰ ਮਾਰ ਦਿਤਾ ਗਿਆ (ਇਹ ਵੀ ਖ਼ਬਰ ਹੈ ਕਿ ਉਹ ਮਰੇ ਨਹੀਂ ਸਗੋਂ ਆਪਣੇ ਹਮਾਇਤੀ ਲੈ ਕੇ ਗੁਰੀਲਾ ਜੰਗ ਵਿਚ ਲਗ ਗਏ ਹਨ) ਤੇ ਅਜੇਹੀ ਸਰਕਾਰ ਕਾਇਮ ਕਰ ਦਿਤੀ ਜਿਹੜੀ 15 ਅਗਸਤ ਤੋਂ ਬਾਅਦ ਦੀ ਸਰਕਾਰ ਦੀ ਹੀ ਅਗਲੀ ਕੜੀ ਸੀ।

ਇਸ ਤਰ੍ਹਾਂ, ਹਕੂਮਤਾਂ ਦੀ ਅਦਲਾ ਬਦਲੀ ਦੇ ਪੱਖ ਤੋਂ ਸਥਿਤੀ ਏਥੇ ਪਹੁੰਚੀ ਹੋਈ ਹੈ ਕਿ ਜ਼ਿਆ-ਉਰ ਰਹਿਮਾਨ ਦੀ ਅਗਵਾਈ ਹੇਠਲੀ ਸਰਕਾਰ ਗੱਦੀ ਉਤੇ ਕਾਬਜ਼ ਹੈ। ਪਰ ਉਸ ਦਾ ਕਬਜ਼ਾ ਪੱਕਾ ਤੇ ਚਿਰ-ਸਥਾਈ ਹੋਣ ਦੀ ਗੱਲ ਬਿਲਕੁਲ ਸ਼ੱਕੀ ਹੈ ਅਤੇ ਨਿੱਤ ਆ ਰਹੀਆਂ ਖ਼ਬਰਾਂ ਇਸ ਸ਼ੱਕ ਦੀ ਪ੍ਰੋੜ੍ਹਤਾ ਕਰਦੀਆਂ ਹਨ।

ਜੇ ਪਿਛਲੇ ਸਾਰੇ ਦਿਨਾਂ ਦੀਆਂ ਖ਼ਬਰਾਂ ਦੇ ਵਿਸਥਾਰ ਵਿਚ ਜਾਏ ਬਗ਼ੈਰ ਕੁਝ ਤਾਜ਼ਾ ਖ਼ਬਰਾਂ ਨੂੰ ਹੀ ਵੇਖ ਲਿਆ ਜਾਵੇ ਤਾਂ ਸਥਿਤੀ ਸਾਬਤ ਹੋ ਜਾਵੇਗੀ :

- ਟੈਂਕ ਫੋਰਸ ਵਿਚ ਫੁੱਟ ਪੈ ਗਈ ਹੈ।
- ਢਾਕਾ, ਚਿਟਾਗਾਂਗ, ਬੋਗਰਾ, ਖੁਲਨਾ ਤੇ ਕੋਮਿਲਾ ਵਿਚ ਫੌਜ ਦੇ ਗਰੁੱਪਾਂ ਦੀ ਆਪਸ ਵਿਚ ਝੜੱਪ ਹੋਈ ਹੈ।
- ਸਿਰਫ ਰਾਜਧਾਨੀ ਵਿਚ ਹੀ ਕਈ ਕੋੜੀਆਂ ਅਫ਼-ਸਰ ਤੇ ਫੌਜੀ ਮਾਰੇ ਗਏ ਹਨ।
- ਰੇਡੀਓ ਬੰਗਲਾ ਦੇਸ਼ ਉਤੇ ਕਬਜ਼ੇ ਲਈ ਸਰਕਾਰ ਦੇ ਵਫ਼ਾਦਾਰ ਫੌਜੀਆਂ ਤੇ ਗੁਰੀਲਿਆਂ ਵਿਚਕਾਰ ਤਿੰਨ ਘੰਟੇ ਫਸਵੀਂ ਲੜਾਈ ਹੋਈ ਤੇ ਢਾਕੇ ਵਿਚ ਬਿਜਲੀ ਸਪਲਾਈ ਠੱਪ ਹੋ ਗਈ।
- ਬੰਗਲਾ ਦੇਸ਼ ਰਾਈਫਲਜ਼ ਤੇ ਬੰਗਲਾ ਦੇਸ਼ ਪੁਲੀਸ ਨੇ ਆਪਸ ਵਿਚ ਸੰਪਰਕ ਕਾਇਮ ਕਰ ਕੇ ਫੌਜ ਦਾ ਵਿਰੋਧ ਸ਼ੁਰੂ ਕਰ ਦਿਤਾ ਹੈ।
- ਕੁਝ ਦਿਨ ਪਹਿਲਾਂ ਢਾਕਾ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਤੇ ਫੌਜ ਵਿਚਕਾਰ ਬੜੀ ਜ਼ਬਰਦਸਤ ਝੜੱਪ ਹੋਈ।
- ਫੌਜ ਵਿਚ ਬਗ਼ਾਵਤ ਫੈਲ ਜਾਣ ਪਿਛੋਂ ਸਰਕਾਰ ਨੇ ਨਵੀਂ ਭਰਤੀ ਸ਼ੁਰੂ ਕੀਤੀ ਪਰ ਫੌਜ ਦੇ ਹਿੱਸਿਆਂ ਵਲੋਂ ਹੀ ਸਖਤ ਵਿਰੋਧ ਕਾਰਨ ਇਹ ਗੱਲ ਵਿਚੇ ਹੀ ਛੱਡਣੀ ਪਈ।

ਉਪਰੋਕਤ ਤੱਥ ਫੌਜੀ ਮੋਰਚੇ ਉਤੇ ਘਮਸਾਣ ਦੀ ਹਾਲਤ ਬਾਰੇ ਤੱਥਾਂ ਵਿਚੋਂ ਕੁਝ ਇਕ ਹੀ ਹਨ। ਇਹ ਸਾਰੇ ਪੂਰੀ ਤਰ੍ਹਾਂ ਸਪਸ਼ਟ ਕਰਦੇ ਹਨ ਕਿ ਜ਼ਿਆ-ਉਰ ਰਹਿਮਾਨ ਦੀ ਸਰਕਾਰ ਨੂੰ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਆਪਣੀ ਸਥਿਰਤਾ ਬਾਰੇ ਉਸ ਦੇ ਸਾਰੇ ਦਾਅਵੇ ਹਰ ਰੋਜ਼ ਝੁਠਲਾਏ ਜਾਂਦੇ ਹਨ। ਰਾਜਸੀ ਮੁਹਾਜ਼ ਉਤੇ ਵੀ ਉਸ ਨੇ ਅਮਰੀਕਾ, ਪਾਕਿਸਤਾਨ ਤੇ ਚੀਨ ਦੇ ਹਾਮੀਆਂ ਨੂੰ ਖੁਲ੍ਹੀਆਂ ਛੁੱਟੀਆਂ ਦਿਤੀਆਂ ਹੋਈਆਂ ਹਨ ਜਿਹੜੇ ਉਹੋ ਕੁਝ ਦੁਹਰਾ ਰਹੇ ਹਨ ਜੋ ਬੰਗਲਾ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਦੇ ਇਕ ਹਫ਼ਤੇ ਦੌਰਾਨ ਦੇਸ਼ ਦੇ 300 ਚੋਣਵੇਂ ਬੁੱਧੀਜੀਵੀਆਂ

ਨੂੰ ਕਤਲ ਕਰਨ ਦੀ ਮੁਹਿੰਮ ਦੇ ਰੂਪ ਵਿਚ ਵਾਪਰਿਆ ਸੀ। ਅੱਜ ਵੀ ਦੇਸ਼ ਦੀ ਚੋਣਵੀਂ ਦਾਨਿਸ਼ (ਬੁੱਧੀਮਾਨਾਂ) ਨੂੰ ਲੱਭ ਕੇ ਤਹਿਸ ਨਹਿਸ ਕੀਤਾ ਜਾ ਰਿਹਾ ਹੈ। ਇਸ ਦੀਆਂ ਅਨੇਕਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਜਿਹਨਾਂ ਵਿਚ ਜੇ ਇਕ ਪਾਸੇ ਢਾਕਾ ਟੈਲੀਵੀਯਨ ਦੇ ਡਾਇਰੈਕਟਰ ਅਕਮਲ ਖ਼ਾਨ ਨੂੰ ਦੀਵਾਰ ਨਾਲ ਖੜਾ ਕਰ ਕੇ ਸਿਰ ਲਾਹ ਦੇਣ ਦੀ ਮਿਸਾਲ ਸ਼ਾਮਲ ਹੈ ਤਾਂ ਦੂਸਰੇ ਪਾਸੇ ਸਾਰੇ ਦੇਸ਼ ਵਿਚ ਭਵਿੱਖ ਦੇ ਦਾਨਿਸ਼ਮੰਦਾਂ (ਵਿਦਿਆਰਥੀਆਂ) ਨੂੰ ਚੁਣ ਚੁਣ ਕੇ ਮਾਰਨਾ ਵੀ ਇਸੇ ਮੁਹਿੰਮ ਦਾ ਹੀ ਇਕ ਹਿੱਸਾ ਹੈ। ਕਤਲਾਂ ਦੀ ਇਹ ਸੂਚੀ ਬਹੁਤ ਲੰਮੀ ਹੋ ਚੁਕੀ ਹੈ ਤੇ ਇਹ ਅਜੇ ਹੋਰ ਕਿੰਨੀ ਲੰਮੀ ਹੋਣੀ ਹੈ, ਇਸ ਦਾ ਅਜੇ ਕੋਈ ਅੰਦਾਜ਼ਾ ਨਹੀਂ ਲਗ ਸਕਦਾ।

... ...

ਇਹ ਤਾਂ ਸੀ ਰਾਜਸੀ ਤੇ ਫੌਜੀ ਮੋਰਚੇ ਦੀ ਹਾਲਤ। ਆਓ, ਹੁਣ ਇਸ ਦਾ ਆਮ ਜੀਵਨ ਉਤੇ ਪਿਆ ਅਸਰ ਵੇਖੀਏ। ਤੇ ਇਹ ਅਸਰ ਵੇਖਣ ਲਈ ਸਾਨੂੰ ਨਾ ਬਹੁਤੇ ਵਿਸਥਾਰ ਵਿਚ ਜਾਣ ਦੀ ਲੋੜ ਹੈ ਅਤੇ ਨਾ ਕਿਤੇ ਦੂਰ ਚੁੱਭੀ ਲਾਉਣ ਦੀ। ਇਕ ਅਮਰੀਕੀ ਪੱਤਰਕਾਰ ਵਲੋਂ ਢਾਕੇ ਦੇ ਅੱਖੀਂ ਵੇਖੇ ਹਾਲਾਤ ਦੀ ਰੀਪੋਰਟ ਸਾਰੀ ਗੱਲ ਨੂੰ ਸਾਫ ਕਰ ਦੇਵੇਗੀ ਕਿਉਂਕਿ ਇਹ ਪੱਤਰਕਾਰ ਖ਼ੁਦ ਢਾਕਾ ਸਰਕਾਰ ਦੇ ਬੁਲਾਵੇ ਉਤੇ ਉਥੇ ਗਿਆ।

"ਵਾਸ਼ਿੰਗਟਨ ਪੋਸਟ" ਦਾ ਇਹ ਪੱਤਰਕਾਰ ਆਪਣੀ ਰੀਪੋਰਟ ਇਹਨਾਂ ਸ਼ਬਦਾਂ ਨਾਲ ਸ਼ੁਰੂ ਕਰਦਾ ਹੈ: "ਬੰਗਲਾ ਦੇਸ਼ ਬੁਰੀ ਤਰ੍ਹਾਂ ਬੀਮਾਰ ਹੈ। ਉਸ ਦੇ ਨੇਤਾ ਕਤਲ ਕਰ ਦਿਤੇ ਗਏ ਹਨ। ਸਾਰੀਆਂ ਪਾਰਟੀਆਂ ਨੂੰ ਕੁਚਲ ਕੇ ਖ਼ਤਮ ਕਰ ਦਿਤਾ ਗਿਆ ਹੈ। ਅਦਾਲਤਾਂ ਨੂੰ ਸ਼ਕਤੀਹੀਣ ਕਰ ਦਿਤਾ ਗਿਆ ਹੈ। ਪਾਰਲੀਮੈਂਟ ਤੋੜ ਦਿਤੀ ਗਈ ਹੈ। ਉਥੋਂ ਦੇ ਨੌਜਵਾਨ ਕਦੇ ਉਮੰਗਾਂ ਨਾਲ ਭਰਪੂਰ ਸਨ। ਅੱਜ ਉਹ ਨਿਰਾਸ਼ ਹੋ ਚੁਕੇ ਹਨ, ਉਹਨਾਂ ਦੇ ਸੁਪਨੇ ਟੁੱਟ ਗਏ ਹਨ। ਫੌਜ ਬਗ਼ਾਵਤ ਕਰ ਰਹੀ ਹੈ।"

ਦੇਸ਼ ਵਿਚ ਅਖਬਾਰਾਂ ਬਾਰੇ ਪੱਤਰਕਾਰ ਲਿਖਦਾ ਹੈ: "7 ਨਵੰਬਰ ਨੂੰ ਘੱਟ ਤੋਂ ਘੱਟ 34 ਫੌਜੀ ਅਫ਼ਸਰਾਂ ਤੇ ਉਹਨਾਂ ਦੇ ਪਰਵਾਰਾਂ ਨੂੰ ਕਤਲ ਕਰ ਦਿਤਾ ਗਿਆ। ਪਰ ਅਖਬਾਰਾਂ ਵਿਚ ਸਿਰਫ ਏਨੀ ਹੀ ਖਬਰ ਛਪੀ ਕਿ ਫੌਜੀਆਂ ਨੇ ਮੇਜਰ ਜਨਰਲ ਜ਼ਿਆ-ਉਰਰਹਿਮਾਨ ਨੂੰ ਆਪਣਾ ਨਵਾਂ ਨੇਤਾ ਚੁਣ ਲਿਆ ਹੈ।"

ਪੱਤਰਕਾਰ ਅਨੁਸਾਰ ਬੰਗਲਾ ਦੇਸ਼ "ਗੰਭੀਰ ਫੌਜੀ, ਨੈਤਿਕ, ਆਰਥਕ ਤੇ ਰਾਜਸੀ ਸੰਕਟ ਦੀ ਜਕੜ ਵਿਚ ਫਸ ਗਿਆ ਹੈ।"

"...ਬਗ਼ਾਵਤਾਂ, ਜੁਆਬੀ ਬਗ਼ਾਵਤਾਂ ਤੇ ਫੌਜੀ ਗ਼ਦਰ ਨਾਲ ਰਾਜਧਾਨੀ ਢਾਕਾ ਵਿਚ ਆਮ ਜੀਵਨ ਉਥੱਲ ਪੁਥੱਲ ਹੈ। ਅਸਧਾਰਣ ਹਾਲਤ ਹੀ ਉਥੋਂ ਦੀ ਸਧਾਰਨ ਹਾਲਤ ਬਣ ਚੁਕੀ ਹੈ। ਬੰਗਲਾ ਦੇਸ਼ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਹੈ। ਕਦੇ ਜੀਵਨ ਆਮ ਵਰਗਾ ਵੀ ਹੋ ਜਾਵੇਗਾ, ਇਸ ਦੀ ਕੀ ਆਸ ਕੀਤੀ ਜਾਵੇ?"

ਢਾਕੇ ਦੇ ਇਕ ਨਾਗਰਿਕ ਨੇ ਇਸ ਬਦੇਸ਼ੀ ਪੱਤਰਕਾਰ ਨਾਲ ਗੱਲਬਾਤ ਕਰਨ ਦਾ ਖ਼ਤਰਾ ਮੁੱਲ ਲੈ ਲਿਆ ਜਿਸ ਨੇ ਆਖਿਆ, "ਮੈਨੂੰ ਡਰ ਹੈ ਕਿ ਹੁਣ ਸਾਡੀ ਮੁਕਤੀ ਕਦੇ ਨਹੀਂ ਹੋਵੇਗੀ। ਸਾਡੀਆਂ ਸਭ ਸੰਸਥਾਵਾਂ ਖ਼ਤਮ ਹੋ ਗਈਆਂ ਹਨ। ਹਰ ਕੋਈ ਡਰਿਆ ਤੇ ਸਹਿਮਿਆ ਹੋਇਆ ਹੈ। ਉਸ ਵਲ ਕਿਸੇ ਨਾ ਕਿਸੇ ਹਿੰਸਾ ਦਾ ਨਿਸ਼ਾਨਾ ਸੇਧਿਆ ਹੋਇਆ ਹੈ। ਸਾਨੂੰ ਨੀਂਦ ਨਹੀਂ ਆਉਂਦੀ। ਯਾ ਅੱਲਾ, ਸਾਡੇ ਉਤੇ ਅਜੇ ਕੀ ਕੁਝ ਬੀਤਣਾ ਹੈ?"

ਇਹ ਹੈ ਢਾਕਾ ਸਰਕਾਰ ਦੇ ਬੁਲਾਵੇ ਉਤੇ ਗਏ ਅਮਰੀਕੀ ਪੱਤਰਕਾਰ ਦੀ ਰੀਪੋਰਟ ਜੋ ਸਾਨੂੰ ਉਥੋਂ ਦੇ ਆਮ ਜੀਵਨ ਬਾਰੇ ਕੁਝ ਕੁ ਸਿੱਧਾ ਵੇਰਵਾ ਦਸਦੀ ਹੈ।

... ...

ਇਸ ਤਰ੍ਹਾਂ ਇਹ ਹੈ ਉਹ ਸਥਿਤੀ, ਜਿਸ ਵਿਚ ਫਸਿਆ ਹੋਇਆ ਬੰਗਲਾ ਦੇਸ਼ ਅੱਜ ਸਾਡੇ ਸਾਹਮਣੇ ਹੈ। ਹੁਣ ਇਸ ਸਥਿਤੀ ਵਿਚੋਂ ਬਹੁਤ ਸਾਰੇ ਸੁਆਲ ਪੈਦਾ ਹੁੰਦੇ ਹਨ ਜਿਹਨਾਂ ਬਾਰੇ ਜਾਣਨਾ ਤੇ ਸਮਝਣਾ ਜ਼ਰੂਰੀ ਹੈ। ਇਹ ਸੁਆਲ ਹਨ: ਕੀ ਭਾਰਤ ਨਾਲ ਇਹਨਾਂ ਘਟਨਾਵਾਂ ਦਾ ਸਬੰਧ ਹੈ ਤੇ ਕੀ ਇਹ ਕਿਸੇ ਤਰ੍ਹਾਂ ਸਾਡੇ ਦੇਸ਼ ਉਤੇ ਪ੍ਰਭਾਵਤ ਹੋ ਸਕਦੀਆਂ ਹਨ? ਇਹਨਾਂ ਘਟਨਾਵਾਂ ਪਿਛੇ ਕਿਹੜੀਆਂ ਤਾਕਤਾਂ ਦਾ ਹੱਥ ਹੈ? ਇਸ ਸਾਰੇ ਸਾਕੇ ਦਾ ਮੰਤਵ ਕੀ ਹੈ ਤੇ ਭਾਰਤ ਲਈ ਉਸ ਦੇ ਕੀ ਅਰਥ ਹਨ?

ਭਾਰਤ ਨਾਲ ਇਹਨਾਂ ਘਟਨਾਵਾਂ ਦਾ ਸਬੰਧ ਢਾਕੇ ਵਿਚ ਭਾਰਤੀ ਰਾਜਦੂਤ ਸ੍ਰੀ ਸਮਰਸੇਨ ਉਤੇ ਕਾਤਲਾਨਾ ਹਮਲੇ ਤੋਂ ਬਾਅਦ ਲੁਕਿਆ ਨਹੀਂ ਰਹਿ ਗਿਆ।

ਇਸ ਤੋਂ ਇਲਾਵਾ, ਭਾਰਤ ਨਾਲ ਇਹਨਾਂ ਦਾ ਸਬੰਧ ਇਥੋਂ ਵੀ ਜ਼ਾਹਰ ਹੋਇਆ ਕਿ ਰਾਜ ਪਲਟੇ ਰਾਹੀਂ ਉਪਰ ਆਏ ਹਾਕਮਾਂ ਨੇ ਭਾਰਤ ਨਾਲ ਦੋਸਤੀ ਦੇ ਦ੍ਰਿੜ੍ਹ ਸਮਰਥਕ ਜਾਂ ਮਾਰ ਦਿਤੇ ਜਾਂ ਜੇਲ੍ਹਾਂ ਵਿਚ ਸੁੱਟ ਦਿਤੇ ਅਤੇ ਇਸ ਦੀ ਥਾਂ ਭਾਰਤ ਦੇ ਸਾਰੇ ਵਿਰੋਧੀ ਰਿਹਾ ਕਰ ਦਿਤੇ ਅਤੇ ਉਹਨਾਂ ਨੂੰ ਭਾਰਤ-ਵਿਰੋਧੀ ਮੁਹਿੰਮ ਚਲਾਉਣ ਦੀ ਖੁਲ੍ਹੀ ਛੁੱਟੀ ਦੇ ਦਿਤੀ। ਉਹ ਸ਼ਰੇਆਮ ਬਿਨਾਂ ਰੋਕ ਟੋਕ ਇਹ ਸਾਰਾ ਕੁਝ ਕਰ ਰਹੇ ਹਨ।

ਜੇ ਇਹਨਾਂ ਘਟਨਾਵਾਂ ਪਿਛਲੇ ਹੱਥ ਨੂੰ ਵੇਖਣਾ ਹੋਵੇ ਤਾਂ ਵੀ ਦੂਰ ਜਾਣ ਦੀ ਲੋੜ ਨਹੀਂ, ਕੁਝ ਇਕ ਹਕੀਕਤਾਂ ਹੀ ਗੱਲ ਨੂੰ ਸਾਫ਼ ਕਰ ਦਿੰਦੀਆਂ ਹਨ :

❋ ਬੰਗਲਾ ਦੇਸ਼ ਵਿਚਲਾ ਅਮਰੀਕੀ ਰਾਜਦੂਤ ਮਿ: ਬੋਸਟਰ ਉਹ ਵਿਅਕਤੀ ਹੈ ਜਿਹੜਾ ਸਤੰਬਰ 1973 ਵਿਚ ਚਿੱਲੀ ਵਿਚ ਹੋਏ ਰਾਜਪਲਟੇ ਸਮੇਂ ਸਾਂਤਿਆਗੋ ਵਿਚ ਸੀ।

❋ ਅਮਰੀਕੀ ਦੂਤਾਵਾਸ ਦੇ 157 ਕਰਮਚਾਰੀ ਉਹ ਹਨ ਜੋ ਵੀਅਤਨਾਮ ਦੀ ਜੰਗ ਸਮੇਂ ਸਾਇਗਾਨ ਵਿਚ ਸਨ।

❋ ਸ਼ੇਖ ਮੁਜੀਬ ਦੇ ਕਾਤਲਾਂ, ਜਿਹੜੇ ਦੌੜ ਕੇ ਬੈਂਕਾਕ ਚਲੇ ਗਏ ਸਨ ਤੇ ਅਜ ਕਲ੍ਹ ਲਿਬੀਆ ਵਲ ਮੂੰਹ ਕੀਤਾ ਹੋਇਆ ਹੈ, ਨੇ ਰਾਜਸੀ ਸ਼ਰਨ ਦੀ ਸਭ ਤੋਂ ਪਹਿਲੀ ਅਰਜ਼ੀ ਅਮਰੀਕਾ ਤੇ ਪਾਕਿਸਤਾਨ ਨੂੰ ਦਿਤੀ।

❋ ਅਮਰੀਕਾ ਦੇ ਪ੍ਰਧਾਨ ਫੋਰਡ, ਜਿਸ ਨੂੰ ਭਾਰਤ ਵਿਚ ਹੰਗਾਮੀ ਹਾਲਤ ਲਾਗੂ ਹੋਣ ਵਿਚੋਂ "ਜਮਹੂਰੀਅਤ ਦੀ ਮੌਤ" ਨਜ਼ਰ ਆਈ ਸੀ, ਨੇ ਰਾਜ ਪਲਟੇ ਦੇ ਲੀਡਰਾਂ ਨੂੰ ਉਚੇਚਾ ਸੰਦੇਸ਼ ਦੇ ਕੇ ਪੂਰੀ ਹਮਦਰਦੀ ਤੇ ਹਮਾਇਤ ਦਾ ਯਕੀਨ ਦਿਵਾਇਆ ਹੈ। ਉਸ ਦੇ ਸੰਦੇਸ਼ ਦੀ ਇਕ ਖਾਸ ਗੱਲ ਇਹ ਵੀ ਸੀ ਕਿ ਉਸ ਨੇ ਬੰਗਾਲੀਆਂ ਵਲੋਂ "ਪਿਛਲੇ ਚਾਰ ਸਾਲ ਦੌਰਾਨ ਭੁਗਤੀਆਂ ਮੁਸ਼ਕਲਾਂ" ਬਾਰੇ 'ਹਮਦਰਦੀ' (ਵਾਹ !) ਪਰਗਟ ਕੀਤੀ ਜਿਸ ਦਾ ਮਤਲਬ ਇਹ ਕਿ ਸ਼ੇਖ ਮੁਜੀਬ ਦੇ ਰਾਜ ਵੇਲੇ ਲੋਕਾਂ ਨੂੰ ਜਿਹੜੀਆਂ ਮੁਸ਼ਕਲਾਂ ਪੇਸ਼ ਸਨ, ਉਹ ਹੁਣ ਦੂਰ ਹੋ ਗਈਆਂ ਹਨ।

❋ ਅਮਰੀਕਾ ਦੇ ਤਿੰਨ ਸਮੁੰਦਰੀ ਜਹਾਜ਼ ਚਿਟਾ-ਗਾਂਗ ਬੰਦਰਗਾਹ ਵਿਚ ਪਹੁੰਚੇ ਜਿਸ ਵਿਚੋਂ ਰਾਤ ਦੇ ਹਨੇਰੇ ਵਿਚ ਤੇ ਫੌਜ ਦੇ ਸਖ਼ਤ ਪਹਿਰੇ ਹੇਠ ਲਕੜੀ ਦੇ ਬਕਸਿਆਂ ਦੇ ਰੂਪ ਵਿਚ ਸਮਾਨ ਉਤਾਰਿਆ ਜਾ ਰਿਹਾ ਹੈ। ਕਿਹਾ ਇਹ ਜਾ ਰਿਹਾ ਹੈ ਕਿ ਇਹਨਾਂ ਵਿਚ ਕਣਕ ਹੈ (ਲੱਕੜ ਦੇ ਬਕਸਿਆਂ ਵਿਚ ?) ਪਰ ਸ਼ੱਕ ਇਹ ਹੈ ਕਿ ਇਹਨਾਂ ਵਿਚ ਹਥਿਆਰ ਸਨ।

❋ ਚੀਨ ਨੇ ਵੀ ਬੰਗਲਾ ਦੇਸ਼ ਨੂੰ ਉਦੋਂ ਮਾਨਤਾ ਦਿਤੀ ਹੈ ਜਦੋਂ ਸ਼ੇਖ ਮੁਜੀਬ ਦੇ ਪਰਵਾਰ ਸਣੇ ਦੇਸ਼ ਦੇ ਸਾਰੇ ਅਗੇ ਵਧੂਆਂ ਦਾ ਕਤਲਾਮ ਸ਼ੁਰੂ ਹੋ ਗਿਆ। (ਧੰਨ ਹੈ, ਮਾਓ ਦਾ ਕਮਿਊਨਿਜ਼ਮ !)

❋ ਚਿਟਾਗਾਂਗ ਬੰਦਰਗਾਹ ਵਿਚ ਚੀਨ ਦੀ ਸਮੁੰ-ਦਰੀ ਫੌਜ ਦੇ ਜਹਾਜ਼ਾਂ ਲਈ ਵਿਸ਼ੇਸ਼ ਸਹੂਲਤਾਂ ਦੇ ਰਹੇ ਹਨ।

❋ ਮਾਓਵਾਦੀ ਸਿਧਾਂਤ ਦੇ ਪੈਰੋਕਾਰ ਮੌਜੂਦਾ ਹਾਕਮਾਂ ਦੇ ਪੂਰੇ ਸਮਰਥਕ ਹਨ ਅਤੇ ਉਹ ਸਾਰੇ ਦੇਸ਼ ਵਿਚ ਭਾਰਤ-ਵਿਰੋਧੀ ਤੇ ਸੋਵੀਅਤ-ਵਿਰੋਧੀ ਹਿੰਸਕ ਮੁਹਿੰਮ ਚਲਾ ਰਹੇ ਹਨ।

❋ ਪਾਕਿਸਤਾਨ ਨੇ ਮੁਜੀਬ ਦੇ ਕਾਤਲਾਂ ਦੀ ਸਰਕਾਰ ਨੂੰ ਮਾਨਤਾ ਦੇਣ ਵਿਚ ਇਕ ਦਿਨ ਦੀ ਢਿੱਲ ਵੀ ਨਾ ਵਿਖਾਈ।

❋ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਨਵੇਂ ਹਾਕਮਾਂ ਦੇ ਹੱਕ ਵਿਚ ਕੌਮਾਂਤਰੀ ਪ੍ਰਚਾਰ ਮੁਹਿੰਮ ਉਤੇ ਚੜ੍ਹ ਤੁਰੇ।

ਇਹਨਾਂ ਸਾਰੀਆਂ ਹਕੀਕਤਾਂ ਦੀ ਰੌਸ਼ਨੀ ਵਿਚ ਹੁਣ ਇਹ ਗੱਲ ਕੋਈ ਗੁੱਝੀ ਨਹੀਂ ਰਹੀ ਕਿ ਇਹਨਾਂ ਘਟਨਾਵਾਂ ਪਿਛੇ ਅਮਰੀਕੀ ਸਾਮਰਾਜ, ਚੀਨ ਦੇ ਪਸਾਰਵਾਦੀ ਮਾਓਵਾਦ ਅਤੇ ਪਾਕਿਸਤਾਨ ਦੇ ਹਾਕਮਾਂ ਦਾ ਸਾਂਝਾ ਹੱਥ ਹੈ।

ਜਦੋਂ ਕਿਸੇ ਘਟਨਾ ਪਿਛੇ ਅਮਰੀਕੀ ਸਾਮਰਾਜ ਤੇ ਉਸ ਦੇ ਸਹਿਯੋਗੀਆਂ ਦਾ ਹੱਥ ਸਾਫ਼ ਨਜ਼ਰ ਪੈ ਜਾਏ ਤਾਂ ਉਸ ਦੇ ਅਰਥ ਸਮਝਣ ਵਿਚ ਕੋਈ ਕਠਿਨਾਈ ਬਾਕੀ ਨਹੀਂ ਰਹਿ ਜਾਂਦੀ। ਇਹ ਗੱਲ ਬੜੀ ਬੇਖਟਕੇ ਆਖੀ ਜਾ ਸਕਦੀ ਹੈ ਕਿ ਇਹ ਘਟਨਾਵਾਂ ਅਸਲ ਵਿਚ ਭਾਰਤ ਵਿਰੁਧ ਸੇਧੀਆਂ ਹੋਈਆਂ ਹਨ। ਅਜ ਤੋਂ ਚਾਰ ਸਾਲ ਪਹਿਲਾਂ ਸਾਡੇ ਇਸ ਪੂਰਬੀ ਗੁਆਂਢ ਵਿਚ ਇਕ ਸਾਮਰਾਜ-ਵਿਰੋਧੀ ਅਜ਼ਾਦ ਕੌਮ ਦੇ ਉਭਾਰ ਨੇ ਸਾਮਰਾਜ ਦੀ ਕੌਮਾਂਤਰੀ ਯੁੱਧ-ਨੀਤੀ ਪੁੱਠੀ ਕਰ ਦਿਤੀ ਸੀ। ਉਪਰੋਂ ਵੀਅਤਨਾਮ ਤੇ ਕੰਬੋਡੀਆ ਵਿਚ ਰਗੜਵੀਂ ਹਾਰ ਖਾਣ ਤੋਂ ਬਾਅਦ ਦੱਖਣੀ ਪੂਰਬੀ ਏਸ਼ੀਆ ਵਿਚ ਸਾਮਰਾਜ ਦੇ ਪੈਰ ਧਰਨ ਜੋਗੀ ਥਾਂ ਵੀ ਨਹੀਂ ਰਹੀ। ਸਾਰੇ ਭਾਰਤੀ ਉਪਮਹਾਂਦੀਪ ਵਿਚ ਤਿੱਖੀ ਸਾਮਰਾਜ-ਵਿਰੋਧੀ ਲਹਿਰ ਨੇ ਉਸ ਨੂੰ ਪੈਰ-ਧਰਾਵਾ ਦੇਣ ਤੋਂ ਵੀ ਲਗਾਤਾਰ ਇਨਕਾਰ ਕੀਤਾ। ਇਸੇ ਕਾਰਨ ਉਸ ਨੂੰ ਸਮੁੰਦਰ ਵਿਚ ਦੀਆਗੋ ਗਾਰਸ਼ੀਆ ਵਿਚ ਇਕ ਟਿਕਾਣਾ ਧਿੰਗੋਜ਼ੋਰੀ ਵੀ ਬਨਾਉਣਾ ਪਿਆ। ਇਸ ਤਰ੍ਹਾਂ ਅਮਰੀਕੀ ਸਾਮਰਾਜ ਨੇ ਬੰਗਲਾ ਦੇਸ਼ ਨੂੰ ਵੀ ਆਪਣਾ ਇਕ ਹੋਰ ਟਿਕਾਣਾ ਹੀ ਬਣਾਇਆ ਹੈ ਜਿਸ ਦਾ ਅਸਲ ਨਿਸ਼ਾਨਾ ਭਾਰਤ ਹੈ। ਭਾਰਤ ਦੇ ਲਗਾਤਾਰ ਸਾਮਰਾਜ-ਵਿਰੋਧ ਨੇ ਉਸ ਨੂੰ ਬੰਗਲਾ ਦੇਸ਼ ਵਿਚ ਜ਼ਬਰਦਸਤੀ ਕਰ ਕੇ ਟਿਕਾਣਾ ਬਨਾਉਣ ਲਈ ਮਜਬੂਰ ਕੀਤਾ ਕਿਉਂਕਿ ਭਾਰਤ ਵਿਚ ਉਸ ਦੀ ਇਹ ਜ਼ਬਰਦਸਤੀ ਵੀ ਸਫਲ ਨਾ ਹੋ ਸਕੀ। ਖ਼ੁਦ ਅਮਰੀਕੀ ਸਾਮਰਾਜ-ਪੱਖੀ ਤਾਕਤਾਂ ਨੂੰ ਲੈਣੇ ਦੇ ਦੇਣੇ ਪੈ ਗਏ ਤੇ ਉਹਨਾਂ ਨੂੰ ਜੇਲ੍ਹਾਂ ਤੇ ਸਖਤੀਆਂ ਦਾ ਦੌਰ ਲੰਘਣਾ ਪੈ ਰਿਹਾ ਹੈ। ਹੁਣ ਅਮਰੀਕੀ ਸਾਮਰਾਜ ਤੇ ਉਸ ਦੇ ਸਹਿਯੋਗੀ ਬੰਗਲਾ ਦੇਸ਼ ਨੂੰ ਇਕ ਭਾਰਤ-ਵਿਰੋਧੀ ਅੱਡਾ ਬਣਾ ਕੇ ਕੰਮ ਕਰਨਗੇ ਤਾਂ ਜੋ ਇਥੇ ਆਪਣੀਆਂ ਸਾਜ਼ਸ਼ਾਂ ਨੂੰ ਅਮਲੀ ਰੂਪ ਦੇ ਸਕਣ ਅਤੇ ਇਕ ਤਰ੍ਹਾਂ ਭਾਰਤ ਦੇ ਅੰਦਰ (ਬੰਗਲਾ ਦੇਸ਼ ਹਰ ਪਾਸਿਓਂ ਭਾਰਤੀ ਸਰਹੱਦ ਨਾਲ ਲਗਦਾ ਹੈ) ਬਹਿ ਕੇ ਹੀ ਆਪਣੇ ਮੰਤਵਾਂ ਦੀ ਪੂਰਤੀ ਕਰ ਸਕਣ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਬਦੇਸ਼ੀ ਤਾਕਤਾਂ ਦੀਆਂ ਸਾਜ਼ਸ਼ਾਂ ਬਾਰੇ ਵਾਰ ਵਾਰ ਚੇਤਾਵਨੀਆਂ ਨੂੰ ਇਸੇ ਪ੍ਰਸੰਗ ਵਿਚ ਦੇਖਣਾ ਚਾਹੀਦਾ ਹੈ। (27 ਨਵੰਬਰ, 1975)

●

ਕਹਾਣੀ :

ਡਾਚੀਆਂ ਤੇ ਸ਼ਹਿਜ਼ਾਦੇ

—ਕ੍ਰਿਸ਼ਨ ਕੁਮਾਰ ਰੱਤੂ

ਹਨੇਰੇ ਵਿਚ ਕੁਝ ਵੀ ਨਾ ਦਿਸਿਆ ਆਪਣੇ ਤੋਂ ਸਿਵਾ।

ਹੁਣ ਵੀ ਕਦੀ ਕਦੀ ਉਹ ਇਸ ਤੂਫਾਨ ਤੋਂ ਬਹੁਤ ਸਹਿਮ ਜਾਂਦਾ ਹੈ।

—ਅਚਾਨਕ ਹੀ ਸਮੁੰਦਰ ਲਹਿਰ ਪਿਆ।

—ਖੁੱਸ਼ਕ ਅੱਖਾਂ ਦੇ ਸਮੁੰਦਰ ਨੂੰ ਕੋਈ ਸੋਖਦਾ ਹੋਇਆ ਕਾਗਜ ਨਾ ਮਿਲਿਆ- ਜੋ ਇਨ੍ਹਾ ਸਹਿਮੀਆਂ ਹੋਈਆਂ ਅੱਖਾਂ ਦੇ ਭੈਅ ਦੀ ਇਸ ਪਰਤ ਦਾ ਕੋਲਾਜ ਸਮੇਟ ਲੈਂਦਾ।

ਹਾਦਸੇ ਅਣਕਿਆਸਿਆ ਹੀ ਵਾਪਰ ਜਾਂਦੇ ਹਨ।

ਇੰਜ ਹੀ ਤੂਫਾਨ 'ਚ ਉਡਦੇ ਇਹ ਕਾਗਜ਼ਾਂ ਦੇ ਟੁਕੜੇ ਜਿਹੇ-ਸ਼ਾਇਦ ਇਹ ਤੂਫਾਨ ਮੌਸਮ ਦੀ ਸ਼ਾਜਿਸ ਦਾ ਸੀ ਤੇ ਮੌਸਮ ਦੇ ਸੇਕ ਦਾ ਵੀ।

ਮਨ ਦਾ ਸੇਕ......ਭੱਖਦੀਆਂ ਅੰਗਾਰੀਆਂ ਬੜੀ ਦੇਰ ਪਹਿਲਾਂ ਰਾਖ ਹੋ ਗਈਆਂ ਸਨ। ਹੁਣ ਸਿਰਫ ਰਾਖ ਦੀ ਇਕ ਲੰਬੀ ਲਕੀਰ ਦਾ ਨਿਸ਼ਾਨ ਹੀ ਬਾਕੀ ਹੈ।

ਕਾਗਜ਼ ਦੇ ਟੁਕੜਿਆਂ ਵਾਂਗ ਉਡਦੀ ਸ਼ਹਿਨਾਜ਼ ਦੂਰ ਚਲੀ ਗਈ—ਜਲਦੇ ਹੋਏ ਰੇਗਿਸਤਾਨ ਵਿਚ...।

ਕਾਲੀਆਂ ਪਰਤਾਂ ਵਿਚ ਫਰਕਦੀਆਂ ਅੱਖਾਂ ਬਹੁਤ ਦੇਰ ਤਕ ਵੇਖਦੀਆਂ ਰਹੀਆਂ—ਮਨ ਦੇ ਸੇਕ ਨੂੰ, ਸਖਣੇ ਮਾਰੂਥਲ ਦੇ ਸੰਤਾਪ ਵਿਚ।

ਕਿੰਨੀਆਂ ਹੀ ਰਾਤਾਂ ਇਹ ਪ੍ਰਛਾਵੇ ਉਲਝੇ ਰਹੇ। ਕਿੰਨੀਆਂ ਹੀ ਰਾਤਾਂ ਤੂਫਾਨਾਂ ਦਾ ਕਰੁਣਾਮਈ ਸੰਗੀਤ ਉਹਨੂੰ ਅਖਰਦਾ ਰਿਹਾ। ਬੜੀਆਂ ਰਾਤਾਂ ਉਹ ਬੁਝਿਆ ਰਿਹਾ—ਪਹਿਚਾਨ ਦੀ ਤਲਾਸ਼ ਵਿਚ। ਬਹੁਤ ਦੇਰ ਤੱਕ ਉਹ ਸ਼ਹਿਨਾਜ਼ ਨੂੰ ਪਹਿਚਾਣਦਾ ਰਿਹਾ। ਉਹ ਉਹਦੇ ਨਕਸ਼ਾਂ ਨੂੰ ਨਿਹਾਰ ਰਿਹਾ ਸੀ—ਇਕ ਐਲਬਮ ਦੇ ਕਾਲੇ ਸਫੇ ਦੀ ਕੈਦ ਵਿਚੋਂ......ਤਸਵੀਰ ਧੁੰਦਲੀ ਪਈ ਹੋਈ ਸੀ। ਤਸਵੀਰ ਦੀਆਂ ਅੱਖਾਂ ਵਿਚ ਝਾਕਦੇ ਹੋਏ ਉਹਨੇ ਐਲਬਮ ਬੰਦ ਕਰ ਦਿਤੀ।

ਫਿਰ ਜਿਵੇਂ ਉਹ ਬੁਝਿਆ ਹੋਇਆ ਮਨੁਖ ਹੋਰ ਬੁਝ ਗਿਆ ਹੋਵੇ। ਤੇ ਰਾਖ ਦੀ ਲਕੀਰ ਦਾ ਨਿਸ਼ਾਨ ਵੀ ਮਿਟਦਾ ਜਾ ਰਿਹਾ ਹੋਵੇ।

ਉਹਨੂੰ ਲੱਗਾ ਜਿਵੇਂ ਤੂਫਾਨ ਦੀ ਸ਼ੂਕਦੀ ਰੌਅ ਵਿਚ ਸਭ ਕਝ ਭੁਲ ਗਿਆ ਹੋਵੇ ਤੇ ਵੀਰਾਨ ਖੰਡਰਾਂ ਦੇ ਥੇਹ ਤੇ ਖੜਾ ਉਹ ਉਡਦੇ ਬੱਦਲਾਂ ਦੀ ਤਿੱਤਰ ਖੰਭੀ ਵੇਖ ਰਿਹਾ ਹੋਵੇ। ਫਿਰ ਜਿਵੇਂ ਉਹ ਉਸ ਰੇਤ 'ਚ ਗਰਕ ਗਿਆ ਹੈ—ਜਿਸ ਦੀ ਛਾਤੀ ਤੇ ਕਦੀ ਸਮੁੰਦਰ ਵਗਦਾ ਸੀ—ਪਰ ਕੰਮਬਖਤ ਜਵਾਰਭਾਟੇ—ਸਮੁੰਦਰ ਦਾ ਵਹਾ ਬਹੁਤ ਦੂਰ ਵਹਾ ਲੈ ਗਏ।

ਹੁਣ ਇਥੇ ਸਿਰਫ ਨਿਸ਼ਾਨ ਬਾਕੀ ਹੈ। ਵੀਰਾਨ ਰੇਤ ਤੇ ਬਦਰੰਗ ਸਿੱਪੀਆਂ ਦੇ।

ਤੇ ਹਾਂ—ਜਦੋਂ ਸ਼ਹਿਨਾਜ਼ ਉਹਨੂੰ ਮਿਲੀ ਸੀ ਤਾਂ ਸਮੁੰਦਰ ਸ਼ਾਂਤ ਹੋ ਗਿਆ ਸੀ। ਅਨੇਕਾਂ ਹੀਰੇ ਉਸ ਸਿੱਪੀ ਦੀ ਕੁੱਖ ਵਿਚ ਸਨ। ਪਰ, ਇਹ ਚੰਦਰਾ ਕੁੱਖ ਦਾ ਜ਼ਖਮ...। ਪੀੜ ਕਦੇ ਬਾਂਝ ਨਹੀਂ ਹੁੰਦੀ...।

ਉਦਾਸ ਜੰਗਲ ਵਿਚ ਵੀਰਾਨੇ ਰਾਹ ਤੇ ਉਹ ਇਕੱਲਾ ਤੁਰਿਆ ਸੀ। ਬੜਾ ਇਕਲਾ ਬੜਾ ਉਦਾਸ...। ਜਦੋਂ ਇਕ ਮੋੜ ਤੇ ਉਹਨੂੰ ਸ਼ਹਿਨਾਜ਼ ਮਿਲੀ—ਬੜੀ ਉਲਝੀ ਹੋਈ, ਤੇ ਮੁਰਝਾਈ ਹੋਈ ਲਗਰ। ...ਫਿਰ ਟਹਿਕ ਪਈ ਇਕ ਦਮ, ਅਚਾਨਕ।

ਪਤਲੇ ਪਤਲੇ ਨਕਸ਼ਾਂ ਵਾਲੀ ਸ਼ਹਿਨਾਜ਼ ਨੂੰ ਖਿਡੌਣਾ ਮਿਲ ਗਿਆ। ਉਹ ਪਰਚ ਗਈ—ਪਰ ਇਹ ਦੂਹੀਰੀ ਭੂਮਿਕਾ।

ਕੱਚ ਦੇ ਖਿਡੌਣੇ ਅਕਸਰ ਟੁਟ ਜਾਂਦੇ ਨੇ।

ਕਾਫੀ ਹਾਉਸ ਦੇ ਮੇਜ਼ ਤੇ ਜਦੋਂ ਵੀ ਉਹ ਮਿਲੀ—ਟਹਿਕੀ ਹੋਈ, ਖਿੜੀ ਹੋਈ—ਮਹਿਕਦੀ ਲਰਜ਼ਦੀ।

ਇਸ ਦੂਹਰੀ ਭੂਮਿਕਾ ਦਾ ਨਾਕਾਬ ਉਹਦੇ ਚਿਹਰੇ ਤੇ ਬਹੁਤ ਦੇਰ ਤੱਕ ਲਟਕਦਾ ਨਾ ਰਿਹਾ ਤੇ ਤੱਪਦਾ ਹੋਇਆ ਸੂਰਜ ਸ਼ੀਤ ਹੋਣ ਦੀ ਬਜਾਏ ਮੱਘਦਾ ਹੋਇਆ ਦੂਰ ਤੱਕ ਤਿਲਕ ਗਿਆ।

ਅਸਲੀ ਭੂਮਿਕਾ ਦਾ ਕਾਂਡ ਉਹਨੇ ਲਿਖਣਾ ਸ਼ੁਰੂ ਕਰ ਦਿਤਾ ਸੀ। ਦੂਰ ਦੇਸ਼...ਆਪਣੇ ਖਾਵੰਦ ਤੇ ਬੱਚਿਆਂ 'ਚ ਪਰਚੀ ਕਿੰਨੀ ਹੋਰਾਂ ਵਰਗੀ ਸ਼ਹਿਨਾਜ਼ ਨੇ......।

ਪਾਗਲਾਂ ਵਰਗਾ ਇਕ ਖਾਨਾ ਬੇਦੋਸ਼ ਹਾਉਕਾ ਮਹਿਕ ਗਿਆ।...ਇਕ ਖਾਨਾ ਬੇਦੋਸ਼ ਹਾਉਕਾ ਉਹ......ਜਿਸ ਨੂੰ ਸ਼ਾਇਦ ਕਦੇ ਕੋਈ ਨਹੀਂ ਜੀਉਂਦਾ।

ਉਹ ਹੋਰ ਉਦਾਸ ਹੋ ਗਿਆ।

ਕਾਫੀ 'ਚ ਉਠਦੀ ਭਾਫ 'ਚ ਤੈਰਦਾ ਹੋਇਆ ਉਹਦਾ ਚਿਹਰਾ—ਕਿਸੇ ਟੁਟਦੇ ਹੋਏ ਤਾਰੇ ਦੀ ਦਾਸਤਾਨ ਬਣ ਗਿਆ। ਜਿਹੜੀ ਬਹੁਤ ਦੇਰ...ਦੂਰ ਦੇਸ਼ ਬੈਠਿਆਂ ਵੀ ਯਾਦ ਆਉਂਦੀ ਰਹੇਗੀ।

"ਰਸ਼ੀਦ। ਜਿੰਦਗੀ ਮਹਿਜ਼ ਇਕ ਭੂਮਿਕਾ ਹੈ। ਜਿਸ ਨੂੰ ਲਿਖਣ ਲਈ ਦੁਨੀਆਂ ਦੀ ਕਿਸੇ ਖੁਲੀ ਪੁਸਤਕ ਦੇ ਸਫੇ ਖਾਲੀ ਨਹੀਂ ਹਨ। ਸ਼ਹਿਨਾਜ਼ ਨੇ ਤੱਤਰਾਈਆਂ ਹੋਈਆਂ ਅੱਖਾਂ ਨਾਲ ਕਿਹਾ ਸੀ...।

ਉਹਨੂੰ ਲੱਗਾ ਸੀ, ਜਿਵੇਂ ਹੁਣੇ ਕੁਝ ਹੋਵੇਗਾ।

ਫਿਰ ਜਿਵੇਂ ਉਹ ਉਸ ਖੁਲ੍ਹੀ ਪੁਸਤਕ ਨੂੰ ਢੂੰਡਣ 'ਚ ਰੁਝ ਗਈ ਹੋਵੇ। ਉਹਦੇ ਚਿਹਰੇ ਦਾ ਰੰਗ ਪੀਲਾ ਪੈ ਗਿਆ। ਸ਼ਹਿਨਾਜ਼ ਦੇ ਲਰਜ਼ਦੇ ਚਿਹਰੇ ਵਿਚ ਸ਼ਾਇਦ ਉਹ ਲਹਿਰ ਪਿਆ ਸੀ।

ਫਿਰ ਕਦੇ ਸੂਰਜ ਦਾ ਗੋਲਾ ਉਹਦੇ ਨੇੜੇ ਨਹੀਂ ਆਇਆ।

ਆਪਣੇ ਬੁਰਕੇ ਨੂੰ ਸੰਭਾਲਦੀ ਹੋਈ ਸ਼ਹਿਨਾਜ਼ ਆਖਰੀ ਵਾਰ ਕਾਫੀ ਹਾਊਸ ਦੀਆਂ ਪੌੜੀਆਂ ਸਹਿਜੇ ਹੀ ਟੱਪ ਗਈ ਸੀ।

ਵਾਵਰੋਲੇ ਖਤਮ ਹੋ ਗਏ।

ਰਸ਼ੀਦ ਵੇਖਦਾ ਰਿਹਾ ਤੇ ਫਿਰ ਅਚਾਨਕ ਕਹਿ ਗਿਆ 'ਦਿਲ ਫਰੇਬ ਤਵਾਇਫ'

ਉਹਨੂੰ ਲੱਗਾ ਜਿਵੇਂ ਦੂਰ ਸ਼ਹਿਨਾਜ਼ ਨੇ ਉਹਦੇ ਲਫ਼ਜ਼ ਸੁਣ ਲਏ ਹੋਣ।

ਨਹੀਂ...ਇਹ ਚੰਨ ਜਿਹੇ ਚਿਹਰੇ ਵਾਲੀ ਸ਼ਹਿਨਾਜ਼ ਨਹੀਂ—ਕੋਈ ਹੋਰ ਚੁਬਾਰੇ ਵਾਲੀ ਸ਼ਹਿਨਾਜ਼ ਸੀ। ਜੋ ਮਹੱਜਬ ਦੀ ਕੁੜੱਤਣ ਨੂੰ ਜ਼ਹਿਰ ਵਿਚ ਨਿਗਲ ਗਈ ਤੇ ਨੀਲੀ ਹੋ ਸਿਆਹ ਨੀਲੇ ਸਮੁੰਦਰ ਦੀ ਛਾਤੀ ਤੇ ਤੈਰ ਗਈ।...ਦੂਰ ਚਲੀ ਗਈ।

ਲਹਿਰਾਂ ਜਿਹੀ ਇਕ ਲਹਿਰ ਬਣ ਗਈ।

ਡਾਚੀਆਂ ਦਾ ਕਾਫਲਾ ਸ਼ਹਿਜਾਦਿਆਂ ਦੀ ਖੋਜ ਵਿਚ

ਗਿਆ ਕਦੇ ਵਾਪਸ ਨਹੀਂ ਪਰਤਿਆ—ਸ਼ਹਿਨਾਜ਼ ਦੀ ਇਹ ਦਾਸਤਾਨ ਹੁਣ ਕੋਈ ਮੁਜਰੇ ਵਾਲੀ ਸ਼ਹਿਨਾਜ਼ ਹੀ ਮਹਿਫਲ 'ਚ ਬਿਆਨ ਕਰੇਗੀ।

ਤੇ ਉਹਦਾ ਉਦਾਸ ਕਮਰਾ ਹੋਰ ਉਦਾਸ ਹੋ ਗਿਆ ਕੰਧਾਂ ਵਿਚ ਬੈਠਾ ਸਿਆਹ ਹਨੇਰਾ—ਹੋਰ ਖੌਫਨਾਕ ਹੋ ਗਿਆ ਤੂਫਾਨ ਦੀ ਉਸ ਰਾਤ ਵਰਗਾ ਹਨੇਰਾ...ਇਕ ਪਲ ਉਹ ਸਹਿਮ ਗਿਆ। ਮਾਰੂਥਲ ਦੀ ਤੂਫਾਨੀ ਰਾਤ ਦੀ ਉਹ ਹਨੇਰੀ ਸਿਆਹੀ—ਜਿਸ ਵਿਚ ਕਿੰਨੇ ਹੀ ਸ਼ਹਿਜਾਦੇ ਤੇ ਡਾਚੀਆਂ ਉਲਝ ਗਏ...ਤੇ ਜਲਦੇ ਹੋਏ ਰੇਗਿਸਤਾਨ ਵਿਚ ਸਿਰਫ ਪੈੜ—ਚਿਨ੍ਹ ਬਣਕੇ ਹੀ ਰਹਿ ਗਏ।

......ਦੂਰ ਜਾਂਦੀਆਂ ਡਾਚੀਆਂ ਦੀਆਂ ਟਾਪਾਂ ਸੁਣ-ਨੀਆਂ ਬੰਦ ਹੋ ਗਈਆਂ...ਪੈੜਾਂ ਦੀ ਰੇਤ ਵਾਵਰੋਲਾ ਬਣ ਉਲਝੀ। ਬਲਦੇ ਕੋਇਲੇ ਜਿਹੀ ਸ਼ਹਿਨਾਜ਼ ਦੂਰ ਤਿਲਕ ਗਈ। ਸਿਧੂਰ ਦੀ ਲਕੀਰ ਦਾ ਨਿਸ਼ਾਨ ਵੀ ਬਾਕੀ ਨ ਰਿਹਾ।

ਸਿਰਫ ਖਾਲੀ ਕਮਰਾ ਤੇ ਉਹ......

ਹਾਂ......।

ਕਲਚਰਲ ਸੁਸਾਇਟੀ ਬਾਰੇ ਹੀ ਸਭ ਕੁਝ ਦੱਸ ਰਹੇ ਸਨ। ਕਾਫੀ ਅੰਡੇ ਬਿਸਕੁਟ ਆਦਿ ਦੇ ਨਾਲ ਹੀ ਡਾਕਟਰ ਦੀ ਜ਼ਬਾਨ ਵਿਚੋਂ ਇਕਸਾਰ ਵਰਸ਼ਾ ਹੋ ਰਹੀ ਸੀ। ਪਟਿਆਲੇ ਅਤੇ ਤਾਸ਼ਕੰਦ ਦੀ ਡਾਇਰੈਕਟ ਸਾਂਝ ਦੀ—ਦੋਸਤੀ ਦੀ, ਅਮਨ ਦੀ, ਡੈਲੀਗੇਸ਼ਨਾਂ ਦੇ ਵਟਾਂਦਰੇ ਦੀ। ਉਹ ਕਿਹੜਾ ਰੂਸੀ ਪ੍ਰਤੀਨਿਧ ਮੰਡਲ ਹੈ ਜੋ ਭਾਰਤ ਆਵੇ ਤੇ ਪਟਿਆਲੇ ਨਾ ਪਹੁੰਚੇ। ਪਟਿਆਲਾ—ਡਾਕਟਰ ਸਤ ਟੰਡਨ ਤੇ ਉਹਦੇ ਸਾਥੀ ਇਸਕਸ ਦੇ ਕਰਿੰਦਿਆਂ ਕਾਰਨ, ਸੋਸ਼ਲਿਸਟ ਦੇਸ਼ਾਂ ਦੇ ਸਮੂਹ ਜਾਣਕਾਰ ਵਿਅਕਤੀਆਂ ਲਈ ਇਕ ਦਰਸ਼ੀਅ ਸਥਲੀ ਹੈ। ਇੱਕ ਆਪਣੀਆਂ ਇਤਿਹਾਸਕ ਯਾਦਗਾਰਾਂ ਕਾਰਨ, ਦੂਜੇ ਏਥੇ ਕਲਾ ਪਖੋਂ ਵੇਖਣ ਵਾਲੀਆਂ ਵਸਤੂਆਂ ਕਾਰਨ।

ਅਤੇ ਪਟਿਆਲੇ ਦੀ ਇਸਕਸ ਦਾ ਇਹ ਕਰਤਾ-ਧਰਤਾ, ਡਾਕਟਰ ਸਤ, ਏਨਾ ਸਹਿਜ ਸਰਲ, ਬੁੱਧੀਵਾਨ ਤੇ ਸੁਲਝਿਆ ਹੋਇਆ ਦੂਰ ਦਰਸ਼ੀ ਵਿਅਕਤੀ ਹੈ ਕਿ ਇਸ ਕੋਲ ਹਰ ਕੋਈ ਆਕੇ ਆਪਾ ਭੁੱਲ ਜਾਂਦਾ ਤੇ ਆਪਣੀ ਹਉਂ ਦੇ ਕੌਡੇ ਕਢਾ ਬਹਿੰਦਾ ਹੈ। ਨਿਰਮਾਣਤਾ ਤੇ ਸੇਵਾ ਭਾਵਨਾ ਉਸ ਨੂੰ ਭਾਰਤੀ ਸਭਿਅਤਾ ਦੇ ਅਖੁਟ ਭੰਡਾਰ ਵਿਚੋਂ ਹੀ ਮਿਲੀ ਲਗਦੀ ਹੈ। ਜਦੋਂ ਉਹ ਆਪ ਹੱਥੀਂ ਡਬਲ ਰੋਟੀ ਨੂੰ ਮੱਖਣ ਲਾ ਲਾ ਸਾਨੂੰ ਹੋਰ ਖਾਣ ਲਈ ਆਗ੍ਰਹਿ ਕਰ ਰਿਹਾ ਸੀ ਤਾਂ ਡਾਕਟਰ ਨਾ ਹੋ ਕੇ ਆਪਣੀ ਪਿਆਰੀ ਮਾਂ ਜੈਸਾ ਲਗਦਾ ਸੀ।

ਉਸ ਗੱਲ ਜਾਰੀ ਰੱਖੀ : ਅਸੀਂ ਸਮਝਦੇ ਹਾਂ ਕਿ ਅੱਜ ਤਾਂ ਇਸਕਸ ਸੋਸ਼ਲਿਸਟ ਦੇਸ਼ਾਂ ਵਿਚ ਜਾਣ-ਆਉਣ ਦੇ ਢਗ ਵਜੋਂ ਵੀ ਕਈਆਂ ਲੋਕਾਂ ਦਾ ਸ਼ੌਕ ਹੋ ਸਕਦੀ ਹੈ ਪਰ ਜਦੋਂ ਪੰਜਾਬ ਦੇ ਇਸ ਪੈਪਸੂ ਭਾਗ ਵਿਚ ਅਸਾਂ ਇਹਦਾ ਆਰੰਭ ਕੀਤਾ ਤਾਂ ਸਾਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪਿਆ—ਸਾਨੂੰ ਰੂਸੀ ਏਜੰਟ, ਕੌਮ ਦੇ ਗ਼ੱਦਾਰ ਤੇ ਹੋਰ ਪਤਾ ਨਹੀਂ ਕੀ ਕੀ ਨਾਮ ਨਾਲ 'ਸਨਮਾਨਣ' ਦਾ ਯਤਨ ਕੀਤਾ ਜਾਂਦਾ ਸੀ—ਪਰ ਸਾਨੂੰ ਚਾਨਣਾ ਸੀ ਕਿ ਲੈਨਿਨ ਨੇ ਰੂਸ ਤੇ ਹਿੰਦ ਦੀ ਦੋਸਤੀ ਨੂੰ ਬਹੁਤ ਪਹਿਲਾਂ ਤੋਂ ਇਕ ਹੋਣ-ਹਾਰ ਹਕੀਕਤ ਦੇ ਤੌਰ ਤੇ ਪੇਸ਼ ਕੀਤਾ ਸੀ। ਅਸਾਂ ਕੋਈ ਐਸਾ ਦਿਨ ਨਹੀਂ ਛਡਿਆ, ਕੋਈ ਅਜਿਹਾ ਵਿਅਕਤੀ ਨਹੀਂ ਅਖੋਂ-ਪਰੇਖੇ ਕੀਤਾ ਜੋ ਰੂਸ ਅਤੇ ਭਾਰਤ ਦੀ ਦੋਸਤੀ ਨੂੰ ਹੋਰ ਵੀ ਗੂੜ੍ਹਿਆਂ ਨਾ ਕਰਦਾ ਹੋਵੇ।

ਭਾਰਤ ਭਰ ਵਿਚ ਦਿੱਲੀ-ਮਾਸਕੋ, ਕਲਕਤਾ-ਲੈਨਿਨ ਗ੍ਰਾਡ ਤੇ ਬੰਬਈ ਅਤੇ......ਤੋਂ ਬਿਨਾ ਪੰਜਾਬ ਦੇ ਪਟਿਆਲਾ ਨੂੰ ਹੀ ਇਹ ਮਾਣ ਹਾਸਲ ਹੈ ਕਿ ਇਸ ਦਾ ਤਾਸ਼ਕੰਦ ਨਾਲ ਸਿਧਾ ਸੰਬੰਧ ਹੈ। (ਤਾਸ਼ਕੰਦ ਵਿਚ ਇਕ ਸੜਕ ਦਾ ਨਾਂਅ ਪਟਿਆਲਾ ਰੋਡ ਹੈ) ਤੇ ਇਸ ਦੋਸਤੀ ਦੀ ਸੰਧੀ ਤੇ ਦਸਖਤ ਕਰਨ ਵਾਲਾ ਪਟਿਆਲਾ ਸ਼ਹਿਰ ਵਲੋਂ ਡਾਕਟਰ ਸਤ ਟੰਡਨ ਹੀ ਸੀ। ਤਦ ਤੋਂ ਸੋਸ਼ਲਿਸਟ ਦੇਸ਼ਾਂ ਦੇ ਡੈਲੀਗੇਟਾਂ ਦੀਆਂ ਵਹੀਰਾਂ ਦਾ ਇਕ ਜ਼ਰੂਰੀ ਸਟੇਸ਼ਨ ਪਟਿਆਲਾ ਹੀ ਬਣ ਗਿਆ। ਨੀਨਾ ਪੋਪੋਵਾ ਨੇ ਆਪਣਾ ਪੰਜਾਬੀ ਰੂਸੀ ਸਕੂਲ ਏਥੇ ਹੀ ਆਕੇ ਕੁਝ ਸਮਾ ਚਲਾਇਆ। ਸੰਸਕ੍ਰਿਤ ਹਿੰਦੀ ਦੇ ਪ੍ਰਸਿਧ ਰੂਸੀ ਵਿਦਵਾਨ ਸ੍ਰੀ ਚੈਲੀਸ਼ੇਵ ਜਦ ਵੀ ਭਾਰਤ ਆਉਣ ਪਟਿਆਲਾ ਉਨ੍ਹਾਂ ਦੀ ਤਾਂਘ ਹੁੰਦਾ ਹੈ। 28 ਅਕਤੂਬਰ 72 ਨੂੰ ਤਾਸ਼ਕੰਦ ਪ੍ਰਾਜੈਕਟ ਵਿਚ ਪੰਜਾਬੀ ਭਾਸ਼ਾ ਦਾ ਸੈੱਲ ਬਨਾਣ ਦਾ ਫੈਸਲਾ ਹੋਇਆ ਤਾਂ ਕਿਤਾਬਾਂ ਦੀ ਸਪਲਾਈ ਪਟਿਆਲੇ ਨੇ ਕੀਤੀ।

ਇਸ ਤਰ੍ਹਾਂ ਠੋਸ ਤਰੀਕੇ ਨਾਲ ਸਾਲ ਵਿਚ ਅਨੇਕਾਂ ਫੰਕਸ਼ਨ ਅਮਨ ਅਤੇ ਇਸਕਸ ਦੇ ਸਬੰਧ ਵਿਚ ਡਾ: ਸਤ ਦੀ ਪਹਿਲ ਕਦਮੀ ਉਤੇ ਕੀਤੇ ਜਾਂਦੇ ਹਨ। ਪੰਜਾਬ ਇਸਕਸ ਦੇ ਇਸ ਜਨਰਲ ਸਕਤਰ ਨੇ ਹੁਣ ਆਪਣੇ ਮਿਤਰਾਂ ਸਜਣਾਂ ਨੂੰ ਪਰੇਰ ਕੇ ਪਟਿਆਲੇ ਵਿਚ ਇਕ ਦੋਸਤੀ ਭਵਨ ਦੀ ਸਥਾਪਤੀ ਕੀਤੀ ਹੈ। ਜਗਹ ਸ੍ਰੀ......ਜੀ ਨੇ ਮੁਨਾਸਬ ਦੇ ਦਿਤੀ ਹੈ (ਇਹ ਉਹ ਸੱਜਣ ਹਨ ਜਿਹੜੇ ਪਟਿਆਲਾ ਕਾਂਗ-ਰਸ ਸਮੇਂ ਚਾਹ ਦੀ ਕੰਟੀਨ ਚਲਾ ਰਹੇ ਸਨ ਤੇ ਜਿਨ੍ਹਾਂ ਇਸ ਲਾਭ ਤੋਂ ਪ੍ਰਾਪਤ ਰਕਮ ਵੀ 600 ਡੈਲੀਗੇਟ-ਦਰਸ਼ਕਾਂ ਲਈ ਖੀਰ ਦਾ ਲੰਗਰ ਕਰਵਾਇਆ ਸੀ) ਅਤੇ ਉਸਤੇ ਵਧੀਆ ਨਕਸ਼ੇ ਅਨੁਸਾਰ ਹੋਰ ਉਸਾਰੀ ਸਾਹਮਣੇ ਹੈ।

ਡਾਕਟਰ ਦੇ ਸੰਤਾਨ ਵਜੋਂ ਇਕ ਲੜਕਾ ਤੇ ਲੜਕੀ ਹਨ,ਜਿਨ੍ਹਾਂ ਦੀ ਪੜ੍ਹਾਈ ਰੂਸ ਵਿਚ ਇਨ੍ਹਾਂ ਦੇ ਜ਼ਾਤੀ ਮਿਤਰਾਂ ਨੇ ਸਿਧਿਆਂ ਮੰਗਵਾ ਕੇ ਜਾਰੀ ਰਖੀ ਹੋਈ ਹੈ। ਸਤ ਕਹਿੰਦੇ ਹਨ : ਮੇਰੇ ਬਚਿਆਂ ਦੀ ਪੜ੍ਹਾਈ ਦਾ ਖਰਚ ਤਾਂ ਰੂਸ ਸਰ-ਕਾਰ ਕਰ ਰਹੀ ਹੈ ਸੋ ਮੈਂ 40-50 ਹਜ਼ਾਰ ਰੁਪਿਆ ਇਸ ਦੋਸਤੀ ਭਵਨ ਤੇ ਖਰਚ ਕਰਕੇ ਇਸ ਨੂੰ ਇਕ ਮਿਤਰਤਾ ਦੀ ਨਿਸ਼ਾਨੀ ਵਜੋਂ ਉਨਤ ਕਰਨਾ ਚਾਂਹਦਾ ਹਾਂ। ਉਨ੍ਹਾਂ ਸਾਨੂੰ ਇਕ ਲੰਬੀ-ਚੌੜੀ ਸ਼ੀਸ਼ੇ ਦੀ ਅਲਮਾਰੀ ਵੱਲ ਧਿਆਨ ਕਰਵਾ ਕੇ ਦਸਿਆ : "ਇਹ ਜੁ ਤੁਸੀਂ ਵੰਨ ਸੁਵੰਨੀਆਂ ਚੀਜ਼ਾਂ ਵੇਖ ਰਹੇ ਹੋ, ਇਹ ਸਭ ਵਿਦੇਸ਼ਾਂ ਵਿਚ ਮੇਰੇ ਦੌਰਿਆਂ ਸਮੇਂ ਉਚ ਵਿਅਕਤੀਆਂ ਤੇ ਰਾਜ ਪਰਮੁਖਾਂ ਵਲੋਂ ਮਿਲੀਆਂ ਸੁਗਾਤਾਂ ਹਨ। ਇਕ ਦਿਨ ਇਹ ਵੀ ਦੋਸਤੀ ਭਵਨ ਦਾ ਸ਼ਿੰਗਾਰ ਹੋਣਗੀਆਂ।"

ਡਾਕਟਰ ਕਵੀ ਵੀ ਹਨ। ਉਨ੍ਹਾਂ ਸਾਨੂੰ ਅੰਗਰੇਜ਼ੀ ਕਵਿ-ਤਾਵਾਂ ਦਾ ਇਕ ਤਕੜਾ ਸੰਗ੍ਰਹਿ ਵੀ ਦਿਖਾਇਆ ਅਤੇ ਇਸ ਦੇ ਨਾਲ ਹੀ ਇਕ ਡਾਕਟਰੀ ਤੇ ਲਿਖਿਆ ਲੇਖ ਸਾਹਮਣੇ ਲਿਆਂਦਾ ਜਿਸ ਵਿਚ ਸਰਮਾਏਦਾਰੀ ਸਮਾਜ ਵਿਚ ਡਾਕਟਰੀ ਵੀ ਇਕ ਲੁਟ ਦਾ ਵਸੀਲਾ ਸਪਸ਼ਟ ਕੀਤੀ ਗਈ ਜਦੋਂ ਕਿ ਸਹੀ ਅਰਥਾਂ ਵਿਚ ਡਾਕਟਰੀ ਸੇਵਾ ਸੋਸ਼ਲਿਜ਼ਮ ਨੂੰ ਪਰਣਾਏ ਦੇਸ਼ਾਂ ਵਿਚ ਹੀ ਹੁੰਦੀ ਹੈ। ਜਿਥੇ ਡਾਕਟਰੀ ਕਮਾਈ ਦਾ ਸਾਧਨ ਨਹੀਂ ਸਗੋਂ ਲੋਕਾਂ ਵਿਚ ਅਰੋਗਤਾ ਦੀ ਗਾਰੰਟੀ ਹੁੰਦੀ ਹੈ।

ਥੋੜੇ ਸਮੇਂ ਦੀ ਮੁਲਾਕਾਤ ਵਿਚ ਹੀ ਪ੍ਰਤੀਤ ਹੋਇਆ ਕਿ ਡਾਕਟਰ ਨੇ ਆਪਣੇ ਆਪ ਨੂੰ ਇਸਕਸ ਨੂੰ ਸਮਰਪਣ ਕਰ ਛਡਿਆ ਹੋਇਆ ਹੈ। ਉਹਨੂੰ ਇਹਦੀ ਚਿੰਤਾ ਨਹੀਂ ਕਿ ਉਹ ਜਨਰਲ ਸਕਤਰ ਹੈ ਜਾਂ ਪਦਵੀ ਰਹਿਤ ਹੈ। ਉਹ ਤਾਂ ਸੋਸ਼ਲਿਸਟ ਦੇਸ਼ਾਂ ਨਾਲ ਭਾਰਤ ਦੀ ਦੋਸਤੀ ਵਧਦੀ ਫੂਲਦੀ ਵੇਖਣ ਲਈ ਆਪਣਾ ਸਭ ਕੁਝ ਹੀ ਨਿਓਛਾਵਰ ਕਰਨ ਵਾਲਾ ਹੈ। ●

ਜੇਕਰ ਤੁਸੀਂ ਆਪਣੀ ਸ਼ੋਭਾ ਦਾ ਖਿਆਲ ਕਰਦੇ ਹੋ ਤਾਂ ਚੰਗੀਆਂ ਸਿਫਤਾਂ ਵਾਲੇ ਪੁਰਸ਼ਾਂ ਦੀ ਸੰਗਤ ਕਰੋ ਕਿਉਂਕਿ ਭੈੜੀ ਸੰਗਤ ਨਾਲੋਂ ਇਕਲਿਆਂ ਰਹਿਣਾ ਬੇਹਤਰ ਹੈ। —ਜਾਰਜ ਵਾਸ਼ਿੰਗਟਨ)

ਪਾਣੀ ਦੇ ਛੋਟੇ ਛੋਟੇ ਕਤਰਿਆਂ ਅਤੇ ਰੇਤ ਦੇ ਛੋਟੇ ਛੋਟੇ ਕਿਣਕਿਆਂ ਨਾਲ ਮਹਾਨ ਸਾਗਰ ਅਤੇ ਸੁੰਦਰ ਧਰਤ ਬਣੀ ਹੈ।

ਦਇਆ ਦੇ ਛੋਟੇ ਛੋਟੇ ਕਰਮ, ਪਰੇਮ ਦੇ ਥੋੜੇ ਸ਼ਬਦ ਧਰਤੀ ਨੂੰ ਬਹਿਸ਼ਤ ਵਾਂਗ ਖੁਸ਼ ਬਨਾਉਣ ਵਿਚ ਸਹਾਇਤਾ ਕਰਦੇ ਹਨ। —ਜੂਲੀਆ ਏ. ਐਫ ਕਰਾਨੇ

ਪਰਮਾਤਮਾ ਨੇ ਇਨਸਾਨ ਨੂੰ ਆਪਣੇ ਹੀ ਪਰਛਾਂਵੇਂ ਵਿਚ ਬਣਾਇਆ। —ਬਾਇਬਲ

ਸ੍ਰਿਸ਼ਟੀ ਵਿਚ ਸਰਬੋਤਮ ਕਹੇ ਗਏ ਅਤੇ ਵੀਚਾਰੇ ਗਏ ਨੂੰ ਜਾਨਣਾ ਸਭਿਅਤਾ ਹੈ। —ਮੈਥੀਓ ਆਰਨਾਲਡ

ਵੱਡਾ ਦਿਨ

—ਪ੍ਰੋ: ਸੁਰੇਂਦਰ ਕੁਮਾਰ ਸ਼ਰਮਾ ਅਗਿਆਤ

ਮਨੁਖੀ ਚੇਤਨਾ ਮੁੱਢ ਕਦੀਮ ਤੋਂ ਹੀ ਆਪਣੇ ਚੁਗਿਰਦੇ ਦੀ ਤਹਿ ਵਿਚ ਜਾਣ ਨੂੰ ਯਤਨਸ਼ੀਲ ਰਹੀ ਹੈ, ਅੱਜ ਦਾ ਸਾਡਾ ਗਿਆਨ ਇਹਨਾਂ ਯਤਨਾਂ ਦਾ ਹੀ ਸਮੂਹਕ ਪਰਿ-ਣਾਮ ਹੈ।

ਸਭ ਤੋਂ ਪਹਿਲਾਂ ਮਨੁਖੀ ਚੇਤਨਾ ਦਾ ਵਾਹ ਸਮੇਂ ਨਾਲ ਪਿਆ। ਕਦੇ ਰੌਸ਼ਨੀ ਜ਼ਿਆਦਾ ਚਿਰ ਠਹਿਰਦੀ ਤੇ ਕਦੇ ਜਲਦੀ ਗਾਇਬ ਹੋ ਜਾਂਦੀ, ਕਈ ਵਾਰ ਇਹ ਰੌਸ਼ਨੀ ਮੁੜਕਾ ਲਿਆ ਦਿੰਦੀ ਤੇ ਕਈ ਵਾਰ ਇਹ ਅਤਿ ਪਿਆਰੀ ਜਾਪਦੀ, ਅਜਬ ਹਾਲ ਸੀ। ਮਨੁੱਖੀ-ਚੇਤਨਾ ਦੇ ਅਗੇ ਕਈ ਪ੍ਰਸ਼ਨ ਚਿੰਨ੍ਹ ਤਰ ਜਾਂਦੇ, ਉਸ ਲਈ ਇਨ੍ਹਾ ਦੇ ਉੱਤਰ ਅਗਿਆਤ ਸਨ......

ਪਰ ਮਨੁੱਖੀ ਚੇਤਨਾ ਦੀ ਕੋਈ ਸੀਮਾਂ ਨਹੀਂ। ਉਸ ਇਸ ਅਗਿਆਤ ਦੀਆਂ ਘੁੱਪ-ਹਨੇਰੀਆਂ ਤੈਹਾਂ ਵਿਚ ਡੂੰਘਿਆਂ ਪਰਵੇਸ਼ ਕੀਤਾ। ਉਸ ਅਗਿਆਤ ਨੂੰ ਗਿਆਤ ਕਰਨਾ ਚਾਹਿਆ। ਇਸ ਕੋਸ਼ਿਸ਼ ਵਿਚ ਉਸ ਨੂੰ ਭੋਰਾ ਭੋਰਾ ਸਫਲਤਾ ਮਿਲੀ। ਜਿਸ ਨੂੰ ਉਸ ਇਕਠਿਆਂ ਕਰਕੇ ਆਪ-ਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਸਮਰਪਤ ਕਰ ਦਿਤਾ ਤੇ ਉਨ੍ਹਾਂ ਨੇ ਇਹੀ ਸਿਲਸਿਲਾ ਜਾਰੀ ਰਖਿਆ। ਸਾਡਾ ਵਰਤ-ਮਾਨ ਇਸੇ ਜ਼ੰਜੀਰ ਦੀ ਇਕ ਕੜੀ ਹੈ......

ਮਨੁੱਖੀ-ਚੇਤਨਾ ਨੂੰ ਜਦੋਂ ਸਮੇਂ ਨਾਲ ਪਹਿਲਾਂ-ਪਹਿਲ ਵਾਹ ਪਿਆ, ਉਸ ਦਿਨ ਰਾਤ ਅਤੇ ਰੁੱਤਾਂ ਦੇ ਭੇਦ ਨੂੰ ਸਮਝਿਆ। ਫਿਰ ਉਸ ਇਸ ਦੇ ਕਾਰਣ ਨੂੰ ਜਾਨਣ ਲਈ ਜਤਨ ਅਰੰਭੇ। ਉਸ ਨੂੰ ਲੱਗਾ ਕਿ ਸੂਰਜ ਧਰਤੀ ਦੇ ਦੁਆਲੇ ਚੱਕਰ ਲਾਉਂਦਾ ਹੈ, ਉਹ ਪੂਰਬ ਦਿਸ਼ਾ ਤੋਂ ਪੱਛਮ ਵੱਲ ਜਾਂਦਾ ਹੈ। ਮਨੁੱਖੀ ਚੇਤਨਾ ਬਹੁਤ ਸਚੇਤ ਸੀ, ਉਸ ਸੋਚਿਆ। ਇਹ ਸੂਰਜ ਸਾਡੇ ਵਾਂਗ ਤੁਰਦਾ ਫਿਰਦਾ ਹੈ। ਇਸ ਲਈ ਇਹ ਜ਼ਰੂਰ ਸਾਡੇ ਵਰਗਾ ਹੀ ਕੋਈ ਪ੍ਰਾਣੀ ਹੈ। ਫਿਰ ਕੀ ਸੀ ? ਉਸ ਦੀ ਬਾਬਤ ਹਰ ਅਜਿਹੀ ਚੀਜ਼ ਦੀ ਕਲਪਨਾ ਕੀਤੀ ਗਈ ਜੋ ਮਨੁੱਖੀ ਜੀਵਨ ਲਈ ਉਸ ਸਮੇਂ ਲੋੜੀਂਦੀ ਸੀ। ਉਸ ਦੀ ਪਤਨੀ, ਉਸ ਦੇ ਰਥ, ਉਸ ਦੇ ਸੋਹੁਰੇ ਆਦਿ ਸਭ ਦੀ ਚਰਚਾ ਪੁਰਾਨਾਂ ਵਿਚ ਮਿਲਦੀ ਹੈ।

ਮਨੁੱਖੀ ਚੇਤਨਾ ਦਾ ਇਹ ਖਾਸਾ ਹੈ ਕਿ ਉਹ ਇਕ ਜਗਾਹ ਸਦਾ ਲਈ ਰੁਕਦੀ ਨਹੀਂ। ਮਾਰਕਸ ਦੇ ਕਹਿਣ ਵਾਂਗ ਉਸ ਵਿਚ ਸਦਾ 'ਵਿਰੋਧ ਵਿਕਾਸ' ਦਾ ਸਿਧਾਂਤ, ਗਤੀ-ਸ਼ੀਲ ਰਹਿੰਦਾ ਹੈ। ਇਸੇ ਲਈ ਸਮੇਂ ਦੀਆਂ ਅਣਜਾਨੀਆਂ ਪਰਤਾਂ ਨੂੰ ਚੀਰਨ ਦਾ ਕੰਮ ਉਸ ਛਡਿਆ ਨਹੀਂ......

ਮਨੁੱਖਤਾ ਦੇ ਇਤਿਹਾਸ ਵਿਚ ਕਈ ਅਜਿਹੇ ਨਾਜ਼ੁਕ ਮੌਕੇ ਵੀ ਆਏ ਜਦ ਮਨੁਖੀ ਚੇਤਨਾ ਨੂੰ ਅਚਾਨਕ ਬਹੁਤ ਜ਼ਬਰਦਸਤ ਧੱਕੇ ਸਹਿਣੇ ਪਏ। ਇਹ ਧੱਕੇ ਉਦੋਂ ਲੱਗੇ ਜਦ ਕਿਸੇ ਚਿਰਕਾਲ ਤੋਂ ਪ੍ਰਚਲਤ ਗੱਲ ਦੇ ਵਿਰੁੱਧ ਕੋਈ ਬਿਲ-ਕੁਲ ਨਵੀਂ ਗੱਲ ਮਨੁੱਖ ਨੂੰ ਪ੍ਰਾਪਤ ਹੋਈ......

ਮੁੱਢ-ਕਦੀਮ ਤੋਂ ਸੂਰਜ ਨੂੰ ਤੁਰਦਾ ਫਿਰਦਾ ਮੰਨ ਕੇ ਚਲਣ ਵਾਲੀ ਮਨੁਖੀ ਚੇਤਨਾ ਨੂੰ ਉਕਤ ਪ੍ਰਕਾਰ ਦਾ ਇਕ ਜ਼ਬਰਦਸਤ ਧੱਕਾ ਉਸ ਵਕਤ ਲੱਗਾ ਜਦ ਆਰੀਆ ਭੱਟ ਅਤੇ ਗਲੀਲੀਓ ਨੇ ਸੂਰਜ ਨੂੰ ਅਚੱਲ ਤੇ ਇਸ ਦੇ ਉਲਟ ਧਰਤੀ ਨੂੰ ਸੂਰਜ ਦੇ ਅਤੇ ਆਪਣੀ ਧੁਰੀ ਦੇ ਦੁਆਲੇ ਚੱਕਰ ਲਾਉਂਦੀ ਦਸਿਆ। ਇਹ ਧੱਕਾ ਅਤਿ ਜ਼ੋਰ ਦਾ ਸੀ। ਇਸ ਨਾਲ ਸਾਰੀ ਦੀ ਸਾਰੀ ਮਨੁਖੀ ਚੇਤਨਾ ਕੰਬ ਉੱਠੀ......

ਇਸ ਧੱਕੇ ਨਾਲ ਮਨੁੱਖੀ ਚੇਤਨਾ ਕੰਬੀ ਜ਼ਰੂਰ ਸੀ ਪਰ ਉਹ ਡਰਾਕਲ ਨਹੀਂ ਸੀ। ਉਸ ਨਿਰਭੈ ਹੋ ਕੇ ਅਗਿਆਤ ਦੇ ਪ੍ਰਤੀ ਆਪਣੀ ਖੋਜ ਜਾਰੀ ਰੱਖੀ। ਉਸ ਹੌਲੀ ਹੌਲੀ ਇਹ ਜਾਣ ਲਿਆ ਕਿ ਇਹ ਧੱਕਾ ਨਿਰਾ ਧੱਕਾ ਨਹੀਂ ਸੀ ਸਗੋਂ ਸੱਚਾਈ ਦੇ ਆਮ੍ਹਣੇ-ਸਾਮ੍ਹਣੇ ਹੋਣਾ ਸੀ..........

ਮਨੁੱਖੀ ਚੇਤਨਾ ਨੇ ਆਪਣੇ ਨਿਰੰਤਰ ਯਤਨਾਂ ਦੇ ਸਦਕਾ ਇਹ ਜਾਣਿਆ ਕਿ ਧਰਤੀ ਦਾ ਘੇਰਾ ਕੋਈ ਪੱਚੀ ਹਜ਼ਾਰ ਮੀਲ ਹੈ। ਉਸ ਦਾ ਬਿਆਸ ਕੋਈ ਅੱਠ ਹਜ਼ਾਰ ਮੀਲ ਤੇ ਖੇਤਰ-ਫਲ ਉਨੀਂ ਕਰੋੜ ਸੱਤਰ ਲਖ ਵਰਗ ਮੀਲ ਹੈ। ਇਸ ਦੀ ਇਕ ਧੁਰੀ ਕਲਪਤ ਕੀਤੀ ਗਈ ਹੈ। ਜਿਸ ਤੇ ਇਹ 66-1/2 ਡਿਗ੍ਰੀ ਤੇ ਝੁਕੀ ਹੋਈ ਹੈ। ਇਹ ਆਪਣੀ ਧੁਰੀ ਦੁਆਲੇ ਚੌਬੀ ਘੰਟਿਆਂ ਵਿੱਚ ਇੱਕ ਪੂਰਾ ਚੱਕਰ ਲਾਉਂਦੀ ਹੈ ਜਿਸ

ਨਾਲ ਦਿਨ ਤੇ ਰਾਤ ਬਣਦੇ ਹਨ। ਇਸ ਕਰਕੇ ਸੂਰਜ ਅਤੇ ਦੂਜੇ ਨਛੱਤਰ ਧਰਤੀ ਦੇ ਗਿਰਦ ਪੂਰਵ ਤੋਂ ਪੱਛਮ ਵਲ ਘੁੰਮਦੇ ਦਿਖਾਈ ਦਿੰਦੇ ਹਨ। ਇਸੇ ਨਾਲ ਅਲੱਗ ਅਲੱਗ ਥਾਵਾਂ ਦੇ ਸਮੇਂ ਵਿੱਚ ਅੰਤਰ ਆਉਂਦਾ ਹੈ।

ਇਸ ਤੋਂ ਛੁੱਟ ਧਰਤੀ ਦੇ ਇਕ ਹੋਰ ਤਰ੍ਹਾਂ ਦੇ ਚੱਕਰ ਲਾਉਣ ਦਾ ਵੀ ਮਨੁੱਖੀ ਚੇਤਨਾ ਨੂੰ ਗਿਆਨ ਹੋਇਆ। ਇਹ ਚੱਕਰ 365-1/4 ਦਿਨਾਂ ਵਿੱਚ ਪੂਰਾ ਹੁੰਦਾ ਹੈ ਤੇ ਇਹ ਚੱਕਰ ਆਪਣੇ ਧੁਰੇ ਦੁਆਲੇ ਨਾ ਹੋ ਕੇ ਸੂਰਜ ਦੁਆਲੇ ਲਾ-ਇਆ ਜਾਂਦਾ ਹੈ। ਇਸ ਚੱਕਰ ਦੇ ਸਦਕਾ ਹੀ ਰੁਤਾਂ ਬਦਲ-ਦੀਆਂ ਹਨ ਤੇ ਇਸ ਨਾਲ ਹੀ ਦਿਨ ਰਾਤ ਛੋਟੇ ਜਾਂ ਵੱਡੇ ਹੁੰਦੇ ਹਨ। ਹੋਰ ਬਰੀਕੀ ਵਿੱਚ ਜਾ ਕੇ ਮਨੁੱਖੀ ਚੇਤਨਾ ਨੂੰ ਪਤਾ ਲਗਾ ਕਿ 21 ਜੂਨ ਸਭ ਤੋਂ ਵੱਡਾ ਦਿਨ ਹੁੰਦਾ ਹੈ ਤੇ 22 ਦਸੰਬਰ ਨੂੰ ਸਭ ਤੋਂ ਵੱਡੀ ਰਾਤ। 21 ਮਾਰਚ ਅਤੇ 23 ਸਿਤੰਬਰ ਨੂੰ ਦਿਨ ਰਾਤ ਬਰਾਬਰ ਹੁੰਦੇ ਹਨ। 23 ਦਿਸੰਬਰ ਨੂੰ ਦਿਨ ਦਾ ਵਧਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਉਸ ਦਿਨ ਨੂੰ ਵੱਡਾ ਦਿਨ ਆਖਦੇ ਨੇ।

ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਭਾਰਤੀ ਜੋਤਸ਼, ਹੋਰ ਕਈ ਪ੍ਰਾਚੀਨ ਭਾਰਤੀ ਵਿਦਿਆਵਾਂ ਦੀ ਤਰ੍ਹਾਂ, ਮਨੁੱਖੀ ਚੇਤਨਾ ਦੇ ਪ੍ਰਵਾਹ ਦੇ ਉਲਟ ਚੱਲਣ ਦੀ ਆਦਤ ਤੋਂ ਮਜ਼ਬੂਰ ਹੈ। ਭਾਰਤੀ ਜੋਤਸ਼ ਦੇ ਉੱਘੇ ਵਿਦਵਾਨਾਂ ਨੇ ਇਸ ਗੱਲ ਨੂੰ ਖੁਦ ਸਵੀਕਾਰਿਆ ਹੈ। ਪਿਛਲੀ ਸਦੀ ਦੇ ਜੋਤਸ਼ ਦੇ ਪ੍ਰਸਿੱਧ ਇਤਿਹਾਸ ਕਾਰ ਸ਼ੰਕਰ ਬਾਲ ਕ੍ਰਿਸ਼ਨ ਦੀ-ਕਸ਼ਤ ਨੇ ਆਪਣੀ ਪੁਸਤਕ 'ਭਾਰਤੀ ਜੋਤਸ਼' ਪੰਨਾ 583 ਵਿੱਚ ਲਿਖਿਆ ਕਿ ਸਾਡੇ ਜੋਤਸ਼ੀ ਅਤੇ ਪੱਤਰੀਆਂ ਬਨਾਉਣ ਵਾਲੇ ਮਾਘ ਮਹੀਨੇ ਦੀ ਸੰਗਰਾਂਦ ਤੋਂ ਇਸ ਦਿਨ ਦਾ ਵਧਣਾ ਦੱਸਦੇ ਹਨ। ਜਦ ਕਿ ਅਸਲ ਵਿੱਚ ਇਹ ਵਧੰਤ ਇਸ ਤੋਂ 22-23 ਦਿਨ ਪਹਿਲਾਂ 23 ਦਿਸੰਬਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਇਸੇ ਗੱਲ ਦੀ ਬਾਬਤ 'ਆਰੀਆ ਪਰਵ ਪਧੱਤੀ' (1924) ਨਾਂ ਦੀ ਪੁਸਤਕ ਵਿੱਚ ਪੰਡਤ ਭਵਾਨੀ ਪ੍ਰਸ਼ਾਦ ਨੇ ਲਿਖਿਆ ਹੈ ਕਿ ਦਿਨ ਦਾ ਵਧਣਾ ਅਸਲ ਦਿਨ ਤੋਂ 22 ਦਿਨ ਬਾਦ ਦੱਸਣਾ ਜੋਤਸ਼ ਸ਼ਾਸਤਰ ਦੀ ਬਹੁਤ ਵੱਡੀ ਭੁੱਲ ਹੈ।

ਜਿਸ ਦਿਨ ਤੋਂ ਦਿਨ ਦਾ ਵਧਣਾ ਸ਼ੁਰੂ ਹੁੰਦਾ ਹੈ ਉਸ ਦਿਨ ਨੂੰ ਪੁਰਾਣੇ ਧਰਮ ਗ੍ਰੰਥਾਂ ਵਿੱਚ ਬਹੁਤ ਸਨਮਾਨਿਆ ਗਿਆ ਹੈ। ਹਿਮਾਦ੍ਰੀ, ਸਕੰਦ ਪੁਰਾਣ, ਵਿਸ਼ਨੂੰ ਧਰਮੋਤਰ ਪੁਰਾਣ, ਕਾਲਿਕਾ ਪੁਰਾਨ ਅਤੇ ਸ਼ਿਵ ਰਹੱਸ ਨਾਂ ਦੀਆਂ ਧਰਮ ਪੁਸਤਕਾਂ ਵਿੱਚ ਇਸ ਦਿਨ ਕੀਤੇ ਜਾਣ ਵਾਲੇ ਕਈ ਸੰਸਕਾਰਾਂ ਦਾ ਜ਼ਿਕਰ ਮਿਲਦਾ ਹੈ ਤੇ ਉਹਨਾਂ ਦੇ ਕਈ ਪ੍ਰਕਾਰ ਦੇ ਪੁੰਨ ਦੱਸੇ ਗਏ ਨੇ। ਜੇ ਉਹ ਪੁੰਨ ਅਸਲ ਵਿੱਚ ਕੁਝ ਮਹੱਤਾ ਰਖਦੇ ਹਨ ਤਾਂ ਉਨ੍ਹਾਂ ਵਿੱਚ ਵਿਸ਼ਵਾਸ ਕਰਣ ਵਾਲਿਆਂ ਨੂੰ ਉਹ ਸਾਰੇ ਸੰਸਕਾਰ 23 ਦਿਸੰਬਰ ਨੂੰ ਕਰਣੇ ਚਾਹੀਦੇ ਨੇ, ਤਾਂ ਹੀ ਉਹਨਾਂ ਤੋਂ ਕਥਤ ਪੁੰਨ ਪ੍ਰਾਪਤ ਹੋ ਸਕਦੇ ਨੇ। 22 ਦਿਨ ਮਗਰੋਂ ਉਨ੍ਹਾਂ ਨੂੰ ਕਰਣ ਨਾਲ ਕਿਸੇ ਪੁੰਨ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ?

ਪੰਜਾਬ ਵਿੱਚ 23 ਦਿਸੰਬਰ ਤੋਂ 22 ਦਿਨ ਮਗਰੋਂ ਹੀ ਦਿਨ ਦੇ ਵਾਧੇ ਨਾਲ ਸੰਬੰਤ ਸੰਸਕਾਰ ਕੀਤੇ ਜਾਂਦੇ ਹਨ। ਇਹ ਸੰਸਕਾਰ ਦੋ ਦਿਨ ਚਲਦੇ ਹਨ। ਇੱਕ ਦਿਨ 'ਲੋਹੜੀ' ਤੇ ਦੂਜੇ ਦਿਨ 'ਮਾਘੀ'। ਲੋਹੜੀ ਵਾਲੇ ਦਿਨ ਬੱਚੇ ਭਿਖਿਆ ਮੰਗਣ ਟੁਰਦੇ ਨੇ—ਮੰਗਤਿਆਂ ਵਾਂਗ। ਭਿਖਿਆਂ ਨੂੰ ਤਿਉਹਾਰਾਂ ਤੇ ਪਰਬਾ ਨਾਲ ਜੋੜਨਾ "ਭਿਖਿਆ ਵਿਰੋਧੀ ਕਾਨੂੰਨ" ਦੀ ਸਿੱਧੀ ਉਲੰਘਣਾ ਹੈ। ਇਹ ਮੰਗਣ ਨੂੰ ਆਸਰਾ ਦੇਣ ਹੈ। ਇਸ ਨਾਲ ਬਚਿਆਂ ਦੇ ਸਵੈਮਾਨ ਨੂੰ ਧੱਕਾ ਵੱਜਦਾ ਹੈ। ਸਾਨੂੰ ਲੋਹੜੀ ਦੇ ਦਿਨ ਦੀ ਇਸ ਮੰਗਣ ਦੀ ਆਇਟਮ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਵੱਡੇ ਦਿਨ ਦੀ ਖੁਸ਼ੀ ਵਿਚ ਛੋਟੇ ਕੰਮ ਸ਼ੋਭਦੇ ਨੇ ? ਜੇ ਦਿਨ ਵੱਡੇ ਸ਼ੁਰੂ ਹੋਏ ਨੇ ਤਾਂ ਸਵੈਮਾਨ ਛੋਟੇ ਕਿਉਂ ਹੋਣ ? ਨਾਮ ਬੜੇ ਪਰ ਕਾਮ ਛੋਟੇ। ●

ਲੱਖੀ ਸ਼ਾਹ ਦਾ ਜੀਵਨ

ਗੁਲਚਰਨ ਸਿੰਘ

ਗਿਆਨੀ ਰਤਨਮ ਸਿੰਘ ਦੇ ਮੁਤਾਬਿਕ, ਲੱਖੀ ਸ਼ਾਹ ਭਾਈ (ਗੋਹੂ) ਟੰਡਾ ਦੇ ਘਰ ਅੰਮ੍ਰਿਤਸਰ ਵਿਖੇ ਪੈਦਾ ਹੋਇਆ ਸੀ। ਇਹਨਾਂ ਦੀ ਸੰਡਲਸ ਗੋਤ ਸੀ, ਅਤੇ ਪੇਸ਼ਾ ਵਿਉਪਾਰ ਸੀ। ਇਹਨਾਂ ਨੇ ਮੁਢਲੀ ਵਿਦਿਆ ਅੰਮ੍ਰਿਤਸਰ ਵਿਖੇ ਹੀ ਪਰਾਪਤ ਕੀਤੀ ਸੀ। ਪਰ ਕਵੀ ਸੇਵਾ ਸਿੰਘ ਅਨੁਸਾਰ ਲੱਖੀ ਸ਼ਾਹ ਖੈਰਪੁਰ ਸਦਾਤ ਦਾ ਰਹਿਣ ਵਾਲਾ ਸੀ, ਜੋ ਕਿ ਮੁਲਤਾਨ ਦੇ ਪੱਛਮ-ਦਖਣ ਵਿਚ 75 ਮੀਲ ਦੂਰ ਤਹਿਸੀਲ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ (ਹੁਣ ਪੱਛਮੀ ਪੰਜਾਬ, ਪਾਕਿਸਤਾਨ) ਵਿਚ ਹੈ। ਅਤੇ ਉਥੇ ਹੀ ਉਹਨਾਂ ਦੀ ਧੀ ਸੀਤਾ ਬਾਈ ਦਾ ਵਿਆਹ ਹੋਇਆ ਸੀ।

ਇਹਨਾਂ ਨੇ ਬਿਉਪਾਰ ਦੇ ਢੰਗ ਆਪਣੇ ਪਿਤਾ ਜੀ ਕੋਲੋਂ ਹੀ ਸਿਖੇ ਸੀ। ਜਿਉਂ ਜਿਉਂ ਇਹ ਉਮਰ ਵਿਚ ਵੱਡੇ ਹੁੰਦੇ ਗਏ, ਇਹਨਾਂ ਦਾ ਬਿਉਪਾਰ ਵੀ ਵਧਦਾ ਫੂਲਦਾ ਗਿਆ। ਐਥੋਂ ਤਕ ਕਿ ਇਹ ਇਕ ਦਿਨ ਮੁਗ਼ਲ ਹਕੂਮਤ ਦੇ ਧਨਾਡ ਠੇਕੇਦਾਰਾਂ ਵਿਚ ਗਿਣੇ ਜਾਣ ਲਗ ਪਏ: ਮੁਗਲਾਂ ਦੀ ਠੇਕੇਦਾਰੀ ਲਈ ਇਹਨਾਂ ਦਾ ਵਾਹ ਬਹੁਤ ਸਾਰਾ ਦਿੱਲੀ ਨਾਲ ਹੀ ਪੈਂਦਾ ਸੀ, ਇਸ ਲਈ ਲੱਖੀ ਸ਼ਾਹ ਆਪਣੇ ਬਾਲ ਬੱਚੇ ਸਮੇਤ ਦਿੱਲੀ ਹੀ ਚਲੇ ਗਏ ਅਤੇ ਰਕਾਬ ਗੰਜ ਵਿਚ ਡੇਰੇ ਲਾ ਲਏ ਜਿਸ ਨੂੰ ਉਦੋਂ ਰਾਇਸੀਨਾ ਵੀ ਕਿਹਾ ਜਾਂਦਾ ਸੀ। ਇਹਨਾਂ ਦਾ ਦਿਹਾਂਤ ਰਕਾਬ ਗੰਜ ਦਿੱਲੀ ਵਿਖੇ, ਜੇਠ ਸੁਦੀ 11 ਬਿਕਰਮੀ ਸੰਮਤ 1737 (1680 ਇਸਵੀ) ਨੂੰ ਹੋਇਆ।

ਲੱਖੀ ਸ਼ਾਹ ਦਾ ਵਿਆਹ 1689 ਬਿਕਰਮੀ (1632 ਈਸਵੀ) ਵਿਚ ਸੁਲਤਾਨ ਵਿੰਡ ਤੋਂ ਭਰੋਤ ਗੋਤ ਤੇ ਇਕ ਵਿਉਪਾਰੀ ਦੀ ਧੀ ਨਾਲ ਹੋਇਆ ਸੀ। ਇਹਨਾਂ ਵਿਚੋਂ ਅੱਠ ਲੜਕੇ ਪੈਦਾ ਹੋਏ। ਨਗਾਹੀਆ, ਹੇਮਾ, ਹਾੜੀ, ਸੀਤੂ, ਪੁੰਡਾਰਾ, ਬਖਸ਼ੀ, ਬਾਲਾ ਅਤੇ ਜਮਾਹਰ। ਜਦੋਂ 1699 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਤੇ ਲੱਖੀ ਸ਼ਾਹ ਦਾ ਸਾਰਾ ਪਰਿਵਾਰ ਅਨੰਦਪੁਰ ਹਾਜ਼ਰ ਸੀ। ਉਦੋਂ ਹੀ ਲੱਖੀ ਸ਼ਾਹ ਦੇ ਸਾਰੇ ਸਪੁੱਤਰਾਂ ਨੇ ਪਾਹੁਲ ਛਕ ਲਈ ਅਤੇ ਸਿੰਘ ਸਜ ਗਏ। ਇਹਨਾਂ ਵਿਚੋਂ ਕੁਝ ਤੇ ਅਨੰਦਪੁਰ ਹੀ ਟਿਕੇ ਰਹੇ ਅਤੇ ਦਸਵੇਂ ਪਾਤਸ਼ਾਹ ਦੀ ਫੌਜ ਵਿਚ ਸ਼ਾਮਿਲ ਹੋ ਗਏ।

ਨਗਾਹੀਆ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਦੇਹ ਨੂੰ ਚਾਂਦਨੀ ਚੌਕ ਵਿਚੋਂ ਚੁਕ ਕੇ ਰਕਾਬ ਗੰਜ ਆਪਣੇ ਘਰ ਲਿਜਾ ਕੇ ਇਹਦਾ ਸਸਕਾਰ ਕਰਨ ਵਿਚ ਆਪਣੇ ਪਿਤਾ ਲੱਖੀ ਸ਼ਾਹ ਦੀ ਬੜੀ ਸਹਾਇਤਾ ਕੀਤੀ ਸੀ। ਇਹ ਸਿੰਘ ਅੰਮ੍ਰਿਤਸਰ ਵਿਚੋਂ 9 ਵਸਾਖ ਸੰਮਤ 1766 (ਅਪ੍ਰੈਲ 1709) ਵਿਚ ਮੁਗ਼ਲਾਂ ਨਾਲ ਜੂਝਦਾ ਸ਼ਹੀਦ ਹੋ ਗਿਆ ਸੀ।

ਹੇਮ ਸਿੰਘ ਅਨੰਦਪੁਰ ਹੀ ਠਹਿਰ ਗਿਆ ਸੀ, ਅਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਨਾਲ ਦਸਮੇਸ਼ ਪਿਤਾ ਦੀਆਂ ਜਿੰਨੀਆਂ ਵੀ ਲੜਾਈਆਂ ਹੋਈਆਂ ਉਹਨਾਂ ਸਭਨਾਂ ਵਿਚ ਇਹਨੇ ਭਾਗ ਲਿਆ। ਹੇਮ ਸਿੰਘ ਅਨੰਦਪੁਰ ਵਿਖੇ ਹੀ ਮਘਰ ਵਦੀ ਪੰਜਵੀਂ, ਸੰਮਤ 1760 (1703 ਈਸਵੀ) ਵਾਲੇ ਦਿਨ ਦੀ ਲੜਾਈ ਵਿਚ ਸ਼ਹੀਦ ਹੋ ਗਿਆ ਸੀ।

ਲੱਖੀ ਸ਼ਾਹ ਦੀ ਧੀ, ਬੀਬੀ ਸੀਤੋ ਬਾਈ ਦਾ ਵਿਵਾਹ ਭਾਈ ਮਨੀ ਸਿੰਘ ਨਾਲ ਹਾੜ ਸੁਦੀ ਪੂਰਨਮਾਸ਼ੀ ਸੰਮਤ 1716 ਬਿ: ਨੂੰ ਖੈਰਪੁਰ, ਜ਼ਿਲ੍ਹਾ ਮੁਜ਼ਫੱਰਗੜ੍ਹ (ਹੁਣ ਪੱਛਮੀ ਪੰਜਾਬ, ਪਾਕਿਸਤਾਨ) ਵਿਖੇ ਹੋਇਆ ਸੀ। ਭਾਈ ਮਨੀ ਸਿੰਘ ਸੱਤਵੇਂ ਪਾਤਸ਼ਾਹ, ਗੁਰੂ ਹਰਿ ਰਾਇ ਸਾਹਿਬ ਦੇ ਜੋਤੀ ਜੋਤ ਸਮਾਉਣ ਉਪਰੰਤ ਅਠਵੇਂ ਸਤਿਗੁਰਾਂ ਦੀ ਹਜ਼ੂਰੀ ਵਿਚ ਰਹੇ। ਆਪ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿਚ ਸ਼ਾਮਿਲ ਸਨ। ਅਠਵੇਂ ਪਾਤਸ਼ਾਹ ਦੇ ਜੋਤੀ ਜੋਤ ਸਮਾਣ ਉਪਰੰਤ, ਭਾਈ ਮਨੀ ਸਿੰਘ ਨੌਵੇਂ ਪਾਤਸ਼ਾਹ ਦੀ ਸੇਵਾ ਵਿਚ ਬਕਾਲੇ ਜਾ ਪੁਜੇ। ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਖੇ ਸ਼ਹੀਦੀ ਦੇ ਸਮੇਂ ਭਾਈ ਸਾਹਿਬ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਅਨੰਦਪੁਰ ਸਾਹਿਬ ਵਿਖੇ ਹਾਜ਼ਰ ਸਨ। ਫਿਰ ਇਹ ਦਰਬਾਰ ਸਾਹਿਬ,

ਅੰਮ੍ਰਿਤਸਰ ਦੇ ਤੀਜੇ ਗੁੰਥੀ ਸਥਾਪਤ ਕੀਤੇ ਗਏ ਜੋ ਉਚ ਪਦਵੀ ਇਹਨਾਂ ਨੇ ਸ਼ਹੀਦ ਹੋਣ ਤਕ ਸਾਂਭੀ ਰਖੀ। ਭਾਈ ਸਾਹਿਬ ਦਮਦਮੀ ਬੀੜ ਦੇ ਲਿਖਾਰੀ ਵੀ ਦੱਸੇ ਜਾਂਦੇ ਹਨ। ਹਾੜ ਸੁਦੀ ਪੰਚਮੀ ਸੰਮਤ 1791 ਬਿ: (24 ਜੂਨ 1734 ਈ:) ਵਾਲੇ ਦਿਨ ਲਾਹੌਰ ਵਿਖੇ ਇਹਨਾਂ ਦਾ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਭੱਟ ਵਹੀਆਂ ਅਨੁਸਾਰ ਭਾਈ ਮਨੀ ਸਿੰਘ ਦੇ ਦਸ ਪੁੱਤਰ ਸਨ। ਇਹਨਾਂ 'ਚੋਂ ਸੱਤ ਤੇ ਸੀਤੋਂ ਬਾਈ ਦੇ ਉਦਰ ਥੀਂ ਪੈਦਾ ਹੋਏ। ਇਹ ਸਨ : ਚਿੱਤਰ ਸਿੰਘ, ਬਚਿੱਤਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਅਤੇ ਗੁਰਬਖ਼ਸ਼ ਸਿੰਘ ; ਬਾਕੀ ਦੇ ਤਿੰਨ ਉਹਨਾਂ ਦੀ ਦੂਜੀ ਪਤਨੀ ਵਿਚੋਂ ਸੀ। ਬਾਅਦ ਵਿਚ ਇਹ ਸਭ ਹੀ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਸੀ। ਇਹਨਾਂ ਵਿਚੋਂ ਪੰਜਾਂ ਨੇ ਤੇ ਉਸੇ ਦਿਨ ਅੰਮ੍ਰਿਤ ਛਕ ਲਿਆ ਸੀ ਜਿੱਦਣ ਕਿ ਖ਼ਾਲਸਾ ਸਾਜਿਆ ਗਿਆ ਸੀ।

ਭਾਈ ਮਨੀ ਸਿੰਘ ਦੇ ਤਕਰੀਬਨ ਸਾਰੇ ਹੀ ਪੁੱਤਰਾਂ ਨੇ ਧਰਮ ਯੁੱਧਾਂ ਵਿਚ ਭਾਗ ਲਿਆ ਸੀ। ਨਿਰਮੋਹਗੜ੍ਹ ਦੇ ਨੇੜੇ "ਸ਼ਾਹੀ ਟਿੱਬੇ" ਦੀ ਲੜਾਈ ਵਿਚ ਇਹਨਾਂ ਪੁੱਤਰਾਂ ਦੇ ਹਿੱਸਾ ਲੈਣ ਬਾਰੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਪਿੱਖ ਅਜੀਤ ਸਿੰਘ ਗਮਨੇ ਆਗੇ ਉਦੇ ਸਿੰਘ ਰਿਸ ਧਾਰੀ।
ਆਲਿਮ ਸਿੰਘ ਦਯਾ ਸਿੰਘ ਪਹੁੰਚਯੋ ਮੁਹਕਮ ਸਿੰਘ ਅਗਾਰੀ ।11।
ਬਖਸਸ ਸਿੰਘ ਬਖਸੀਸ ਸਿੰਘ ਜੁਗ ਈਸਰ ਸਿੰਘ ਸੁ ਦੋਧਾ।
ਸ਼ੇਰ ਸਿੰਘ ਦੇਵਾ ਸਿੰਘ ਉਮਡਯੋ, ਬਰ ਬਚਿਤਰ ਸਿੰਘ ਜੋਧਾ ।12।
ਨਾਹਰ ਸਿੰਘ ਗਰਜਾ ਸਿੰਘ ਗਰਜਯੋ, ਅਜਬ ਸਿੰਘ ਤਤਕਾਲਾ।
ਗਯੋ ਅਜਾਇਬ ਸਿਘ ਤਹਾ ਕੋ ਸੰਤ ਸਿੰਘ ਰਿਪ ਕਾਲਾ ।13।
ਅਨਿਕ ਸਿੰਘ ਭਗਵਾਨ ਸਿੰਘ ਤਹ ਨਹਾ ਸਿੰਘ ਹਯ ਪਰੇਰਾ।
ਧਰਮ ਸਿੰਘ ਸਾਹਿਬ ਸਿੰਘ ਧਾਏ, ਰਾਮ ਸਿੰਘ ਰਸ ਹੇਰਾ।14।
(ਗੁਰ ਪ੍ਰਤਾਪ ਸੂਰਜ ਗਰੰਥ, ਰੁਤ 4, ਅੰਸੂ 45)

ਇਸ ਲੜਾਈ ਵਿਚ ਉਦੇ ਸਿੰਘ 7 ਪੋਹ, ਸੰਮਤ 1762 ਬਿ: (6 ਦਸੰਬਰ 1705 ਈ:) ਨੂੰ ਸ਼ਹੀਦ ਹੋ ਗਿਆ ਸ਼ੀ। ਭਾਈ ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ 8 ਪੋਹ ਨੂੰ ਚਮਕੌਰ ਸਾਹਿਬ ਦੀ ਲੜਾਈ ਵਿਚ ਸ਼ਹੀਦੀਆਂ ਪਾ ਗਏ ਸਨ। ਭਾਈ ਬਚਿੱਤਰ ਸਿੰਘ, 9 ਪੋਹ ਨੂੰ ਲੜਾਈ ਵਿਚ ਲੱਗੇ ਫੱਟਾਂ ਕਾਰਨ ਗੁਰਪੁਰੀ ਸਿਧਾਰ ਗਏ ਸਨ।

ਲੱਖੀ ਸ਼ਾਹ ਅਤੇ ਉਹਨਾਂ ਦੇ ਭਰਾਤਾ ਧਰਮ ਦਾਸ, ਦੋਵਾਂ ਦੀ ਸੰਤਾਨ ਇਸ ਵੇਲੇ ਵੀ ਪੰਜਾਬ ਦੇ ਕਈ ਹਿੱਸਿਆਂ ਵਿਚ ਵਸ ਰਹੀ ਹੈ। ਇਹਨਾਂ ਵਿਚੋਂ ਇਕ ਮਸ਼ਹੂਰ ਹਸਤੀ ਸੰਤ ਪ੍ਰੇਮ ਸਿੰਘ (ਮੁਰਾਲ੍ਹਾ) ਹੋਏ ਹਨ ਜੋ ਕਿ ਧਰਮ ਦਾਸ ਦੀ ਪੀੜ੍ਹੀ ਵਿਚੋਂ ਹਨ। ਪਾਕਿਸਤਾਨ ਬਨਣ ਉਪਰੰਤ ਇਹਨਾਂ ਨੇ ਆਪਣਾ ਡੇਰਾ ਬੇਗੋਵਾਲ (ਜ਼ਿਲਾ ਕਪੂਰਥਲਾ) ਵਿਖੇ ਹੀ ਟਿਕਾਇਆ। ਇਹਨਾਂ ਨੇ ਲੁਬਾਣਾ ਬਰਾਦਰੀ ਦੀ ਧਾਰਮਕ ਸਮਾਜਕ ਅਤੇ ਰਾਜਨੀਤਕ ਉਨਤੀ ਲਈ ਜੋ ਕਾਰਨਾਮੇ ਕੀਤੇ ਹਨ ਉਸ ਲਈ ਸਾਰੀ ਲੁਬਾਣਾ ਬਰਾਦਰੀ ਇਹਨਾਂ ਦੀ ਰਿਣੀ ਹੈ। ਇਹ 2 ਜੂਨ 1950 ਨੂੰ ਬੇਗੋਵਾਲ ਵਿਖੇ ਹੀ ਸੁਰਗ-ਵਾਸ ਹੋ ਗਏ। ਇਹਨਾਂ ਦੀ ਥਾਂ, ਇਹਨਾਂ ਦੇ ਛੋਟੇ ਭਾਈ, ਬਾਵਾ ਹਰਨਾਮ ਸਿੰਘ ਨੇ ਸਾਂਭੀ ਹੋਈ ਹੈ।

ਲੱਖੀ ਸ਼ਾਹ ਇਕ ਬਹਾਦਰ, ਸਿਆਣਾ ਅਤੇ ਸ਼ਰਧਾਲੂ ਸਿੱਖ ਸੀ। ਭਾਵੇਂ ਉਹ ਸਰਕਾਰੀ ਠੇਕੇਦਾਰ ਸੀ, ਫਿਰ ਵੀ ਦਿਲੋਂ ਉਹ ਪਹਿਲਾਂ ਗੁਰ ਸਿੱਖ ਸੀ। ਇੰਨਾ ਅਮੀਰ ਹੁੰਦਿਆਂ ਵੀ ਉਹਦੀ ਗੁਰੂ ਨਾਨਕ ਦੇ ਘਰ ਵਿਚ ਅਤਿਅੰਤ ਸ਼ਰਧਾ ਅਤੇ ਯਕੀਨ ਸੀ। ਉਹ ਸਮਝਦਾ ਸੀ ਕਿ ਜੋ ਕੁਝ ਵੀ ਉਹਨੂੰ ਮਿਲਿਆ ਹੋਇਆ ਸੀ ਉਹ ਸਭ ਗੁਰੂ-ਘਰ ਦੀ ਹੀ ਬਰਕਤ ਸੀ। ਇਸ ਲਈ ਕਿਸੇ ਖਤਰੇ ਦੀ ਵੀ ਪਰਵਾਹ ਨਾ ਕਰਦਿਆਂ ਹੋਇਆਂ, ਜੋ ਕਿ ਭਿਆਨਕ ਹੋ ਸਕਦਾ ਸੀ, ਉਸ ਨੇ ਇਕ ਬੜਾ ਵੱਡਾ ਕੰਮ ਕੀਤਾ : ਸਰਕਾਰੀ ਵੰਗਾਰ ਦਾ ਜੁਆਬ ਦਿੱਤਾ ਅਤੇ ਇਤਨੀ ਧਨਾਢ ਮੁਗ਼ਲ ਸਰਕਾਰ ਨੂੰ ਨੀਚਾ ਵਿਖਾਇਆ। ਰਕਾਬ ਗੰਜ ਦਾ ਗੁਰਦੁਆਰਾ ਉਸੇ ਦੀ ਇਸ ਅਦੁੱਤੀ ਕੁਰਬਾਨੀ ਦਾ ਹੀ ਚਿੰਨ੍ਹ ਹੈ। ਇਸ ਲਈ ਸਿੱਖ ਜਗਤ ਨੂੰ, ਖਾਸ ਕਰਕੇ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਗੁਰਦੁਆਰੇ ਦਾ ਨਾਂ ਇਸ ਸ਼ਰਧਾਲੂ ਅਤੇ ਨਿਧੜਕ ਸਿੱਖ ਦੇ ਨਾਂ ਤੇ "ਲੱਖੀ ਸ਼ਾਹ ਲੁਬਾਣਾ ਗੁਰ-ਦੁਆਰਾ" ਰੱਖ ਦਿਤਾ ਜਾਏ। ●

(ਪੁਸਤਕ ਮਖਣ ਸ਼ਾਹ ਲੁਬਾਣਾ ਚੋਂ ਧਨਵਾਦ ਸਹਿਤ)

ਗੁਰੂ ਤੇਗ ਬਹਾਦਰ

ਇਕ ਸੰਗੀਤਕਾਰ ਦੀ ਦਰਿਸ਼ਟੀ ਵਿਚ

ਪ੍ਰੋ: ਜੋਗਿੰਦਰ ਸਿੰਘ 'ਬਾਵਰਾ'

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ।
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨਿ ॥

ਇਤਿਹਾਸਕ ਤੌਰ ਤੇ ਭਾਰਤ ਦੀ ਵਿਚਾਰਧਾਰਾ ਦੀ ਰਵਾਇਤ ਸੰਸਾਰ ਵਿਚ ਸਭ ਤੋਂ ਪੁਰਾਣੀ ਹੈ । ਹਿੰਦੁਸਤਾਨ ਨੇ ਸਮੁਚੇ ਤੌਰ ਤੇ ਫਲਾਸਫੀ ਦੇ ਭੰਡਾਰ ਵਿਚ ਜੋ ਹਿੱਸਾ ਪਾਇਆ ਹੈ ਉਸ ਦੀ ਵਿਸ਼ੇਸ਼ਤਾ ਨੂੰ ਪਿਛਲੇ ਕੁਝ ਸਾਲਾਂ ਤੋਂ ਉਚੇਚੇ ਧਿਆਨ ਨਾਲ ਪਰਖਿਆ ਜਾ ਰਿਹਾ ਹੈ ।

ਹਿੰਦੁਸਤਾਨੀ ਫਲਸਫੇ ਦਾ ਸ਼ਰੋਮਣੀ ਅੰਗ ਸੱਚ ਦੀ ਪ੍ਰਾਪਤੀ ਹੈ । ਸੱਚ ਤੋਂ ਭਾਵ ਆਤਮਿਕ ਹਕੀਕਤ ਹੈ ਜਿਸ ਦਾ ਪ੍ਰਕਾਸ਼ ਮਨੁੱਖ ਦੀ ਆਤਮਾ ਵਿਚ ਹੋ ਸਕਦਾ ਹੈ। ਆਤਮਕ ਹਕੀਕਤ ਦੀ ਸੋਝੀ ਅਨੁਭਵ ਰਾਹੀਂ ਹੋ ਸਕਦੀ ਹੈ । ਭਾਰਤੀ ਫਲਸਫੇ ਨੂੰ ਆਤਮਕ ਵਿਦਿਆ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਦ੍ਰਿਸ਼ਟੀ ਅੰਤਰਮੁੱਖੀ ਹੈ । ਸੰਗੀਤ ਵੀ ਮਨੁੱਖੀ ਅੰਤਰ ਦੀਆਂ ਤਾਰਾਂ ਵਿਚ ਝੰਨਕਾਰ ਉਤਪੰਨ ਕਰਦਾ ਹੈ ।

ਸੰਗੀਤ ਮਾਨਵ ਸਮਾਜ ਦੀਆਂ ਕਲਾਤਮਿਕ ਪ੍ਰਾਪਤੀਆਂ ਤੇ ਸੰਸਕ੍ਰਿਤਕ ਪ੍ਰਮਪਰਾਵਾਂ ਦਾ ਪ੍ਰਤੀਕ ਹੈ । ਜਿਸ ਜਾਤੀ ਦਾ ਸੰਗੀਤ ਜਿੰਨਾ ਸੁਲਝਿਆ ਹੋਵੇਗਾ ਉਹ ਜਾਤੀ ਵੀ ਉਨੀ ਹੀ ਉਨਤੀਸ਼ੀਲ ਹੋਵੇਗੀ । ਅਜ ਤੋਂ ਕਈ ਵਰ੍ਹੇ ਪਹਿਲਾਂ ਜਦੋਂ ਮਾਨਵ ਪਾਸ ਅਜ ਵਰਗੇ ਸਾਜ਼ ਨਹੀਂ ਸਨ ਤਾਂ ਉਹ ਕੰਮ ਚਲਾਊ ਸਾਜ ਤਿਆਰ ਕਰਦਾ ਸੀ ਤੇ ਆਪਣਾ ਮਨੋਰੰਜਨ ਕਰ ਲੈਂਦਾ ਸੀ । ਸਾਡੇ ਜੀਵਨ ਦਾ ਕੋਈ ਵੀ ਸੰਸਕਾਰ ਸੰਗੀਤ ਤੋਂ ਬਿਨਾਂ ਨੇਪਰੇ ਨਹੀਂ ਚੜ੍ਹ ਸਕਦਾ । ਭਾਵੇਂ ਉਹ ਰਾਜਸੀ, ਧਾਰਮਿਕ, ਸਮਾਜਿਕ ਅਤੇ ਭਾਵੇਂ ਉਹ ਯੁਧ ਦਾ ਹੀ ਕੰਮ ਕਿਉਂ ਨਾ ਹੋਵੇ । ਸਾਡੇ ਜਨਮ ਤੋਂ ਹੀ ਸੰਗੀਤ ਰਾਹੀਂ ਕਾਰਜ ਆਰੰਭ ਹੋ ਜਾਂਦੇ ਹਨ ਜਿਵੇਂ ਝੰਡ, ਚੋਲਾ, ਪਗੜੀ, ਮੰਗਨੀ, ਸ਼ਾਦੀ ਆਦਿ । ਹੋਰ ਤੇ ਹੋਰ ਮਰਨ ਵੇਲੇ ਵੀ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਹੈ ।

ਸਾਡੇ ਬਜ਼ੁਰਗਾਂ ਨੇ ਸ਼ਾਂਤੀ ਦੀ ਪ੍ਰਾਪਤੀ ਲਈ ਮਾਨਸਿਕ ਅਤੇ ਅਧਿਆਤਮਕ ਉਨਤੀ ਲਈ ਕਈ ਕਲਾਵਾਂ ਦੀ ਖੋਜ ਕੀਤੀ । ਉਹ ਇਸ ਸਿਟੇ ਤੇ ਅਪੜੇ ਕਿ ਭੌਤਿਕ ਸ਼ਕਤੀ ਨਾਲੋਂ ਆਤਮਿਕ ਸ਼ਕਤੀ ਵਧੇਰੇ ਉੱਤਮ ਹੈ । ਅਧਿਆਤਮਕ ਸ਼ਕਤੀ ਦੇ ਕਈ ਸਾਧਨ ਖੋਜੇ ਗਏ ਜਿਵੇਂ ਜਪ, ਤਪ, ਸਿਧਿ, ਯਗ, ਯੋਗ, ਸਮਾਧੀ, ਬ੍ਰਤ ਆਦਿ । ਮੋਕਸ਼ ਪ੍ਰਾਪਤੀ ਲਈ ਮੰਤਰ ਦਾ ਜਾਪ। ਮੰਤਰ ਇਕ ਕਵਿਤਾ ਦਾ ਰੂਪ ਅਤੇ ਕਵਿਤਾ ਸੰਗੀਤ ਦਾ ਰੂਪ ਧਾਰਨ ਕਰ ਲੈਂਦੀ ਹੈ । ਇਸੇ ਕਾਰਨ ਸਾਮ ਵੇਦ ਨੂੰ ਸੰਗੀਤ ਵੇਦ ਵੀ ਕਿਹਾ ਜਾਂਦਾ ਹੈ । ਸੰਗੀਤ ਦੇ ਇਤਿਹਾਸ ਵਿਚ ਮਧ ਕਾਲ ਨੂੰ ਭਗਤੀ ਕਾਲ ਕਿਹਾ ਜਾਵੇ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ । ਰਬਾਬ ਦੀਆਂ ਸੁਰ ਲਹਿਰੀਆਂ ਨਾਲ ਕੀਰਤਨ ਕਰਦੇ ਹੋਏ ਗੁਰੂ ਨਾਨਕ ਦੇਵ, ਇਕ ਤਾਰਾ ਅਤੇ ਖੜਤਾਲਾਂ ਨਾਲ ਪ੍ਰਭੂ ਗੁਣ ਗਾਣ ਕਰਦੇ ਹੋਏ ਸੂਰਦਾਸ, ਕ੍ਰਿਸ਼ਨ ਦੀਵਾਨੀ ਮੀਰਾਂ, ਰਾਜ ਭਾਗ ਤਿਆਗ ਪੈਰਾਂ ਵਿਚ ਘੁੰਗਰੂ ਬੰਨੀ ਨਚਦੀ ਤੇ ਗਾਉਂਦੀ "ਮੇਰੇ ਤੋ ਗਿਰਧਰ ਗੋਪਾਲ ਦੂਸਰੋ ਨਾ ਕੋਈ", ਸੁਆਮੀ ਹਰੀ ਦਾਸ, ਕਬੀਰ, ਰਵਿਦਾਸ, ਬ੍ਰਹਮਾਨੰਦ, ਚਰਨ ਦਾਸ, ਅਨਹਦ ਨਾਦ ਦਾ ਆਨੰਦ ਪ੍ਰਾਪਤ ਕਰਦੇ ਹੋਏ ਸਾਮਨੇ ਆ ਜਾਂਦੇ ਹਨ । ਬੇਸ਼ਕ ਉਹ ਸ਼ਰੀਰਕ ਰੂਪ ਵਿਚ ਸਾਡੇ ਸਾਮਣੇ ਨਹੀਂ ਹਨ ਪਰ ਉਹਨਾਂ ਦੀਆਂ ਰਚਨਾਵਾਂ ਸ਼ਬਦ, ਭਜਨ, ਲੋਕਾਂ ਦੇ ਦਿਲਾਂ ਦਿਮਾਗਾਂ ਵਿਚ ਘਰ ਕਰ ਚੁਕੇ ਹਨ । ਸਾਡੇ ਮਹਾਂਪੁਰਸ਼ਾਂ ਨੇ ਸੰਗੀਤ ਨੂੰ ਸਭ ਤੋਂ ਉਤਮ ਦਰਜਾ ਦਿਤਾ ਹੈ । ਸਾਡੇ ਗੁਰੂਆਂ ਨੇ ਤਾਂ ਇਸ ਨੂੰ ਕ੍ਰਿਆਤਮਕ ਰੂਪ ਵਿਚ ਵੀ ਉਚੇ ਸਿੰਘਾਸਨ ਤੇ ਬਿਰਾਜ-ਮਾਨ ਕੀਤਾ ਹੈ । ਸ਼ਬਦ ਲਿਖਨ ਤੋਂ ਪਹਿਲਾਂ ਰਾਗ ਲਿਖਿਆ ਹੈ । ਗੁਰੂ ਗ੍ਰੰਥ ਸਾਹਿਬ ਦੀ ਸਮੂਚੀ ਬਣਤਰ ਰਾਗਾਂ ਤੇ ਅਧਾ-ਰਿਤ ਹੈ । ਤੁਲਸੀ ਕਹਿੰਦੇ ਹਨ 'ਕਲ ਯੁਗ ਮੇਂ ਕੀਰਤਨ ਪ੍ਰਧਾਨ' ਗੁਰਬਾਣੀ ਦਾ ਕੀਰਤਨ ਕਾਹਨ ਸਿੰਘ ਨਾਭਾ ਦੇ ਕਥਨ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਨਮੁਖ ਅੰਮ੍ਰਿਤ ਵੇਲੇ ਦੀ ਆਸਾ-ਦੀ-ਵਾਰ ਗਾਉਣ ਦੀ ਰੀਤ ਚਲਾਈ । ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਢਾਡੀ, ਮਰਾਸੀ

ਲੋਕ ਹੀ ਕੀਰਤਨ ਕਰਦੇ ਸਨ ਪਰ ਗੁਰੂ ਜੀ ਨੇ ਕੀਰਤਨ ਦੀ ਬਕਾਇਦਾ ਸਿਖਿਆ ਦਿਤੀ ਤੇ ਦੂਜੇ ਲੋਕ ਰਾਗੀ ਜਥੇ ਵੀ ਕੀਰਤਨ ਕਰਨ ਲਗੇ

ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸਤਾਂ ਗੁਰੂਆਂ ਦੀ ਅਤੇ 33 ਭਗਤਾਂ ਦੀ ਬਾਣੀ ਦਰਜ ਹੈ। ਵੈਰਾਗ, ਮੂਰਤ, ਧਰਮ ਰਖਿਅਕ, ਅਤੇ ਉਪਕਾਰੀ ਸ਼ਹੀਦ ਗੁਰੂ ਤੇਗ ਬਹਾਦਰ ਜੀ ਨੇ 59 ਸ਼ਬਦਾਂ ਅਤੇ 57 ਸ਼ਲੋਕਾਂ ਦੀ ਰਚਨਾ ਕੀਤੀ। ਇਹਨਾਂ ਦੀ ਬਾਣੀ ਵਿਚੋਂ ਮਨੁਖੀ ਜੀਵਨ ਦੀ ਅਸਲੀਅਤ ਡੁਲ ਡੁਲ ਪੈਂਦੀ ਹੈ। ਜੀਵਨ ਤੋਂ ਘਿਰਨਾ ਨਹੀਂ। ਕਈ ਹੋਰ ਵੀ ਵੈਰਾਗੀ ਮਹਾਤਮਾ ਹੋਏ ਹਨ ਜਿਵੇਂ ਬੁਧ, ਭਰਤਰੀ, ਹਰੀ, ਗੋਪੀ ਚੰਦ ਜਿਨ੍ਹਾਂ ਨੇ ਵੈਰਾਗ ਦਾ ਸੰਦੇਸ਼ ਦਿਤਾ ਹੈ। ਤਿਆਗ ਤੇ ਜ਼ੋਰ ਦਿੰਦੇ ਹੋਏ ਰਾਜ ਭਾਗ, ਘਰ ਬਾਰ, ਸਾਕ ਸੰਬੰਧੀਆਂ ਤੋਂ ਮੂੰਹ ਮੋੜ ਕੇ ਜੰਗਲ ਵਿਚ ਇਕਾਂਤ ਵਾਸ ਜੀਵਨ ਦੀ ਪ੍ਰੇਰਨਾ ਦਿਤੀ ਹੈ ਪਰ ਗੁਰੂ ਜੀ ਨੇ 'ਕਾਹੇ ਰੇ ਬਨ ਖੋਜਨ ਜਾਈ' ਦਾ ਉਪਦੇਸ਼ ਦਿਤਾ ਹੈ ਅਤੇ ਸਚੇ ਵੈਰਾਗ ਦਾ ਸੰਦੇਸ਼ ਦਿਤਾ ਹੈ। ਮਨੁਖ ਨੂੰ ਸੁਖ ਦੁਖ ਮਾਨ ਅਪਮਾਨ ਹਰਸ਼-ਸੋਗ ਲੋਭ ਰਾਗ-ਦਵੈਸ਼, ਲੋਹਾ-ਸੋਨਾ, ਆਦਿ ਦੇ ਭੇਦ ਭਾਵ ਤੋਂ ਉਪਰ ਉਠ ਕੇ ਸਮਦਰਸ਼ੀ ਹੋਣ ਦਾ ਉਪਦੇਸ਼ ਦਿਤਾ ਹੈ ਤੇ ਫਰਮਾਇਆ ਹੈ।

ਸੁਖ ਦੁਖੁ ਜਿਹ ਪਰਸੈ ਨਹੀਂ ਲੋਭ ਮੋਹ ਅਭਿਮਾਨੁ।
ਕਹੁ ਨਾਨਕ ਸੁਨ ਰੇ ਮਨਾ, ਸੋ ਮੂਰਤਿ ਭਗਵਾਨ ॥੧੩॥

'ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ।
ਕਹੁ ਨਾਨਕ ਸੁਨੁ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥

ਹਰਖ ਸੋਗ ਜਾਕੈ ਨਹੀਂ ਬੈਰੀ ਮੀਤ ਸਮਾਨ।
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ ॥੧੫॥

ਸੰਗੀਤ ਦੇ ਪਖ ਤੋਂ ਆਪ ਜੀ ਦੀ ਬਾਣੀ ਪੂਰਨ ਰੂਪ ਵਿਚ ਸੰਗੀਤ ਮਈ ਹੈ। ਤਾਕਤ ਅਤੇ ਵਜ਼ਨ ਮਿਨਵਾ ਤੁਲਵਾ ਹੈ। ਆਪ ਜੀ ਨੇ ਕੇਵਲ ੧੫ ਰਾਗਾਂ ਵਿਚ ਬਾਣੀ ਰਚੀ ਹੈ। ੧. ਗਉੜੀ, ੨. ਆਸਾ, ੩. ਦੇਵ ਗੰਧਾਰੀ, ੪. ਬਿਹਾਗੜਾ ੫. ਸੋਰਠ, ੬. ਧਨਾਸਰੀ, ੭. ਜੈਤਸਰੀ, ੮. ਟੋਡੀ, ੯. ਤਿਲੰਗ ੧੦. ਬਿਲਾਵਲ, ੧੧. ਰਾਮਕਲੀ, ੧੨. ਮਾਰੂ, ੧੩. ਬਸੰਤ, ੧੪. ਸਾਰੰਗ, ੧੫. ਜੈਜਾਵੰਤੀ।

ਇਹਨਾਂ ਰਾਗਾਂ ਵਿਚ ਕੁਲ ੫੯ ਸ਼ਬਦ ਰਚੇ ਹਨ। ਰਾਗ ਤਿਲੰਗ ਵਿਚ ਇਕ ਕਾਫੀ ਵੀ ਉਚਾਰਨ ਕੀਤੀ ਹੈ। ਆਪ ਜੀ ਨੇ 'ਘਰ' ਸ਼ਬਦ ਦਾ ਕਿਤੇ ਵੀ ਪ੍ਰਯੋਗ ਨਹੀਂ ਕੀਤਾ। ਜਿਸ ਤਰਾਂ ਗੁਰੂਆਂ ਦੀ ਬਾਣੀ ਵਿਚ 'ਘਰ' ੧,੨,੩, ਆਦਿ ਦਾ ਵਰਣਨ ਪ੍ਰਾਪਤ ਹੁੰਦਾ ਹੈ। ਅੰਜੁਲੀਆਂ, ਬਾਰਾਂਹਮਾਹ, ਅਸ਼ਟਪਦੀਆਂ, ਪੜਤਾਲ, ਵਾਰ, ਸੋਹਲੇ ਆਦਿ ਤੋਂ ਆਪ ਜੀ ਦੀ ਬਾਣੀ ਰਹਿਤ ਹੈ। ਆਪ ਜੀ ਦੇ ਸ਼ਬਦ ਭਾਸ਼ਾ ਪੱਖ ਤੋਂ ਇਤਨੇ ਸਰਲ ਹਨ ਕਿ ਹਰੇਕ ਇਸਨੂੰ ਸਮਝ ਸਕਦਾ ਹੈ ਅਤੇ ਆਨੰਦ ਮਾਨ ਸਕਦਾ ਹੈ। ਆਪ ਜੀ ਦੇ ਸ਼ਬਦਾਂ ਦੀ ਵਿਉਂਤ ਵਿਚ ਪਹਿਲਾਂ ਅੰਗ ਸਥਾਈ ਅਤੇ ਦੋ ਜਾਂ ਤਿੰਨ ਅੰਤਰੇ ਹਨ। ਗ਼ਜ਼ਲ ਦੀ ਤਰ੍ਹਾਂ ਤੁਕ ਦਾ ਅੰਤਿਮ ਸ਼ਬਦ ਮੇਲ ਖਾਂਦਾ ਹੈ। ਜਿਵੇਂ 'ਰੇ ਨਰ ਇਹ ਸਾਚਿ ਜਿਆ ਧਾਰਿ' ਅਗਲੀਆਂ ਸਤਰਾਂ ਵਿਚ ਬਾਰ, ਚਾਰਿ, ਗਵਾਰ, ਮੁਰਾਰਿ, ਪੁਕਾਰਿ, ਸ਼ਬਦ ਹਨ। ਆਪ ਜੀ ਦੇ ਸ਼ਬਦਾਂ ਦੀ ਭਾਸ਼ਾ ਹਿੰਦੀ ਹੈ। ਆਪ ਜੀ ਦੀ ਭਾਸ਼ਾ ਪੰਜਾਬੀ ਹੋਣ ਕਾਰਨ ਕੋਈ ਕੋਈ ਸ਼ਬਦ ਪੰਜਾਬੀ ਦਾ ਵੀ ਆ ਗਿਆ ਹੈ। ਆਪ ਜੀ ਦੀ ਬਾਣੀ ਰਾਗਮਈ, ਰਸ ਭਰਪੂਰ, ਸ਼ਾਂਤ ਰਸ ਪ੍ਰਧਾਨ ਜਿਸ ਵਿਚ ਸੁਖ ਦੁਖ, ਵੈਰ ਵਿਰੋਧ ਦੀ ਭਾਵਨਾ ਤੋਂ ਪਰੇ, ਤ੍ਰਿਸ਼ਨਾ ਦੀ ਸਮਾਪਤੀ ਕਰਕੇ ਉਚਕੋਟੀ ਦੇ ਸੁਖ ਨੂੰ ਦੇਣ ਵਾਲੀ ਹੈ। ਆਪ ਜੀ ਬਾਣੀ ਪ੍ਰਭੂ ਨਾਲ ਮਿਲਾਉਨ ਵਾਲੀ ਸਦਾਚਾਰ ਦੀ ਸਿਖਿਆ ਦੇਣ ਵਾਲੀ ਸਮਾਜਿਕ ਅਤੇ ਰਾਜਸੀ ਤੌਰ ਤੇ ਅਸੰਤੁਸ਼ਟ ਲੋਕਾਂ ਨੂੰ ਨਿਡਰਤਾ ਦਾ ਪਾਠ ਪੜਾਉਣ ਵਾਲੀ ਹੈ। ਆਪ ਜੀ ਦੀ ਸਿਖਿਆ ਮੋਹ ਮਾਇਆ ਦਾ ਤਿਆਗ, ਮਾਇਆ ਦਾ ਹੋਣਾ ਜਾਂ ਨਾ ਹੋਣਾ, ਕਿਸੇ ਨਾਲ ਵੈਰ ਜਾਂ ਪਿਆਰ ਸੰਸਾਰ ਤੋਂ ਨਿਰਾਸ਼ ਹੋਣ ਦਾ ਉਪਦੇਸ਼ ਨਹੀਂ ਸਗੋਂ ਜ਼ਿੰਦਗੀ ਨੂੰ ਠੀਕ ਢੰਗ ਨਾਲ ਜੀਉਣ ਦਾ ਰਾਹ ਦਸਦੀ ਹੈ। ●

ਜਗਤ ਮਾਤਾ ਗੁਜਰੀ

ਤੇਜਾ ਸਿੰਘ

ਸੰਸਾਰ ਵਿਚ ਇਸਤਰੀ ਜਗਤ ਵਿਚ ਬਹੁਤ ਸਾਰੀਆਂ ਐਸੀਆਂ ਮਹਾਨ ਇਸਤਰੀਆਂ ਹੋਈਆਂ ਜਿਹਨਾਂ ਦੇ ਕਾਰ-ਨਾਮਿਆਂ ਨੇ ਸੰਸਾਰ ਨੂੰ ਚਕਰਿਤ ਕਰ ਦਿਤਾ ਤੇ ਸਤਿਕਾਰ ਵਜੋਂ ਉਹਨਾਂ ਅਗੇ ਸਿਰ ਝੁਕ ਜਾਂਦਾ ਹੈ ਪਰ ਜਗਤ ਮਾਤਾ ਗੁਜਰੀ ਇਕ ਮਹਾਨ ਇਸਤਰੀ ਸੀ ਜਿਹਨਾਂ ਸੰਸਾਰ ਨੂੰ ਬਹੁਤ ਵੱਡੀ ਦੇਣ ਦਿਤੀ। ਹੈ ਆਪ ਦੇ ਜੀਵਨ ਵਿਚ ਬਹੁਤ ਸਾਰੀਆਂ ਵਿਸ਼ੇਸ਼ਤਾਈਆਂ ਸਨ ਜੋ ਹਰ ਇਕ ਪਰਾਨੀ ਨੂੰ ਪਰਭਾਵਤ ਕਰਦੀਆਂ ਹਨ। ਨਾਮ ਸਿਮਰਨ, ਪਤੀ ਪਿਆਰ, ਦੇਸ਼ ਪਿਆਰ, ਪਰਉਪਕਾਰ, ਭਾਣਾ ਮੰਨਣਾ ਤੇ ਸ਼ਾਂਤ ਚਿਤ ਰਹਿਣਾ ਤੇ ਹਰ ਇਕ ਜੀਵ ਨਾਲ ਪਿਆਰ ਕਰਨਾ ਆਪ ਦੇ ਜੀਵਨ ਦੇ ਖਾਸ ਗੁਣ ਸਨ ਇਸ ਲਈ ਜਗਤ ਮਾਤਾ ਨਾਮ ਹੀ ਆਪ ਲਈ ਠੀਕ ਸੋਭਦਾ ਹੈ ।

ਮਾਤਾ ਪਿਤਾ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਜਦੋਂ ਸੰਮਤ 1651 ਵਿਚ ਕਰਤਾਰਪੁਰ ਨਗਰ ਵਸਾਇਆ ਤਦ ਆਪ ਜੀ ਨੇ ਨਗਰ ਦੀ ਰੌਣਕ ਵਧਾਉਣ ਲਈ ਹਰ ਇਕ ਕੌਮ ਤੇ ਹਰ ਪੇਸ਼ਾਵਰ ਨੂੰ ਵਸਾਵਨ ਲਈ ਹਰ ਪਰਕਾਰ ਦੀ ਸਹੂਲਤ ਦਿਤੀ ਜਿਸ ਕਰਕੇ ਬਹੁਤ ਸਾਰੀਆਂ ਕੌਮਾਂ ਆ ਵਸੀਆਂ। ਬਹੁਤ ਸਾਰੇ ਖਤਰੀ ਘਰਾਣੇ ਭੀ ਆ ਕੇ ਵਸ ਗਏ। ਮਾਤਾ ਗੁਜਰੀ ਜੀ ਦੇ ਪਿਤਾ ਸ੍ਰੀ ਲਾਲ ਚੰਦ ਜੀ ਜੋ ਗੁਰੂ ਘਰ ਦੇ ਸ਼ਰਧਾਲੂ ਸਿਖ ਸਨ ਨੇ ਭੀ ਆ ਕੇ ਇਕ ਸੁੰਦਰ ਹਵੇਲੀ ਬਣਾ ਕੇ ਸੁਭਾਗੇ ਜੀਵਨ ਨਾਲ ਰਹਿਣਾ ਸ਼ੁਰੂ ਕੀਤਾ। ਏਥੇ ਹੀ ਮਾਤਾ ਗੁਜਰੀ ਜੀ ਤੇ ਇਹਨਾਂ ਦੇ ਭਰਾਤਾ ਕਿਰਪਾਲ ਚੰਦ ਜੀ ਨੇ ਜਨਮ ਲਿਆ। ਆਪ ਦੀ ਸੁੰਦਰ ਹਵੇਲੀ ਜਿਸ ਦੀ ਚਾਰ ਦੀਵਾਰੀ ਅਜੇ ਵੀ ਢਠੀ ਹੋਈ ਮੌਜੂਦ ਹੈ, ਉਸ ਸਮੇਂ ਦੀ ਯਾਦ ਨੂੰ ਤਾਜ਼ਾ ਕਰਦੀ ਹੈ।

ਕੁੜਮਾਈ :

ਸੰਮਤ 1686 ਨੂੰ ਮੀਰੀ ਪੀਰੀ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ, ਸਾਹਿਬਜ਼ਾਦਾ ਸੂਰਜਮਲ ਜੀ ਨੂੰ ਵਿਆਹੁਣ ਲਈ ਸ੍ਰੀ ਅੰਮ੍ਰਿਤਸਰ ਤੋਂ ਬਰਾਤ ਲੈ ਕੇ ਕਰਤਾਰ ਪੁਰ ਆਏ। ਸੂਰਜਮਲ ਜੀ ਦੀ ਸ਼ਾਦੀ ਪਰੇਮ ਚੰਦ ਸਿਲੀ ਖਤਰੀ ਦੀ ਸਪੁਤਰੀ ਨਾਲ ਹੋਈ। ਉਸ ਸਮੇਂ ਸ੍ਰੀ ਲਾਲ ਚੰਦ ਜੀ ਤੇ ਉਹਨਾਂ ਦੀ ਸੁਪਤਨੀ ਬਿਸ਼ਨ ਕੌਰ ਜੀ ਭੀ ਸ਼ਰੀਕੇ ਵਜੋਂ ਪਰੇਮ ਚੰਦ ਜੀ ਦੇ ਗ੍ਰਹਿ ਵਿਖੇ ਗਏ ਤੇ ਸਾਹਿਬਜ਼ਾਦਿਆਂ ਦੇ ਦਰਸ਼ਨ ਕੀਤੇ ਤਾਂ ਆਪ ਜੀ ਨੂੰ ਭੀ ਰੀਝ ਆਈ ਕਿ ਕਾਕੀ ਗੁਜਰੀ ਨੂੰ ਗੁਰੂ ਘਰ ਦੇ ਸਾਹਿਬਜ਼ਾਦੇ ਸ੍ਰੀ ਗੁਰੂ ਤੇਗ ਬਹਾਦਰ ਦੀ ਸੇਵਾ ਲਈ ਅਰਪਣ ਕਰ ਦੇਣ।

ਸੁਭਿਖਾ ਖਤਰੀ ਲਾਲ ਸੁਨਾਮ,
ਬੈਠੀ ਬੀਚ ਤਾਂਹਿ ਕੀ ਬਾਮ।
ਬਿਸ਼ਨ ਕੌਰ ਤਹਿ ਨਾਮ ਭਣਿਜੈ,
ਕੋ ਅਬਲਾ ਤਿਹ ਪਟ ਤਰ ਦੀਜੈ ੩੭੭
ਤਾਹੀ ਛਿਨ ਉਠ ਸਦਨ ਸਿਧਾਰੀ,
ਲਾਲ ਚੰਦ ਪਤ ਪਾਸ ਉਚਾਰੀ
ਹੇ ਪ੍ਰਭਿ ਸੁਤ ਗੁਰੂ ਰੂਪ ਅਪਾਰਾ,
ਸਾਤ ਬਰਖ ਬਪ ਤੇਜ ਅਪਾਰਾ ੩੭੯
ਪਾਂਚ ਬਰਸ ਨਿਜ ਪੁਤਰੀ ਜਾਨੋ
ਕਰੋ ਸਗਾਈ ਦੇਰ ਨ ਠਾਨੋ।
ਪਤ ਮਨ ਮਾਨ ਅਧਿਕ ਸੁਖ ਪਾਯੋ
ਉਤਮ ਦਿਨ ਨਿਜ ਨਿਕਟ ਬੁਲਾਯੋ ੩੮੦

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਧਆਇ ੧੭

ਵਿਵਾਹ

ਸੰਮਤ 1689 ਵਿਚ ਸ੍ਰੀ ਗੁਰੂ ਹਰਗੋਬਿਦ ਸਾਹਿਬ ਮਰਾਝਕੇ ਵਿਚ ਜੰਗ ਕਰਕੇ ਕਰਤਾਰਪੁਰ ਆ ਟਿਕੇ। ਓਸੇ ਸਾਲ ਲਾਲ ਚੰਦ ਜੀ ਨੇ ਵਿਆਹ ਵਾਸਤੇ ਬੇਨਤੀ ਕਰ ਘਲੀ ਜੋ ਪਰਵਾਨ ਕਰ ਲਈ ਗਈ। ਸੋ 1689 ਵਿਚ ਮਾਤਾ ਗੁਜਰੀ ਜੀ ਦਾ ਵਿਵਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ।

ਹਰਾ— ਸੰਮਤ ਸੋਲਾਂ ਸੈ ਸੁਖਦ ਔਰ ਓਨਾਨਵ ਜਾਨ
ਤੇਗ ਬਹਾਦਰ ਬਿਯਾਹ ਕਰ ਫਗਨ ਗ੍ਰਿਹਿ ਅਨਮਾਨ
੨੦੭

ਗੁਰ ਬਿਲਾਸ ਪਾਤਸਾਹੀ ਛੇਵੀਂ ਧਆਇ ੨੦

ਠਨ ਤਪਸਿਆ

ਸੰਮਤ 1691 ਵਿਚ ਹੀ ਪੈਂਦੇ ਖਾਂ ਨਾਲ ਜੰਗ ਇਆ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਬੜੀ ਸੂਰ- ਰਿਤਾ ਨਾਲ ਲੜੇ ਤੇ ਮਾਤਾ ਗੁਜਰੀ ਜੀ ਨੇ ਜੰਗ ਅਪਨੀ ਖੀਂ ਵੇਖਿਆ। ਸੰਮਤ 1701 ਵਿਚ ਕੀਰਤਪੁਰ ਸ੍ਰੀ ਗੁਰੂ ਰਗੋਬਿੰਦ ਸਾਹਿਬ ਜੀ ਜੋਤੀ ਜੋਤ ਸਮਾ ਗਏ। ਉਸ ਸਮੇਂ ਮਾਤਾ ਨਕੀ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ੀ ਬਾਬੇ ਬਕਾਲੇ ਜਾ ਰਹੇ।

ਏਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੋਰਾ ਬਣਾ ਕੇ ਠਨ ਤਪਸਿਆ ਕੀਤੀ। ਮਾਤਾ ਗੁਜਰੀ ਜੀ ਭੀ ਭੋਰੇ ਦੇ ਬੂਹੇ ਗੇ ਬੈਠ ਕੇ ਨਾਮ ਸਿਮਰਨ ਵਿਚ ਜੁੜੇ ਰਹਿੰਦੇ ਤੇ ਸੇਵਾ ਵਚ ਹਾਜਰ ਰਹਿੰਦੇ। ਇਹ ਕਠਨ ਤਪਸਿਆ ਉਦੋਂ ਤਕ ਲਦੀ ਰਹੀ ਜਦੋਂ ਤਕ ਗੁਰੂ ਜੀ ਸੰਗਤਾਂ ਦੀ ਬੇਨਤੀ ਮੰਨ ਗੱਦੀ ਤੇ ਨਹੀਂ ਬੈਠੇ ਤੇ ਮੱਖਣ ਸ਼ਾਹ ਨੇ ਗੁਰੂ ਲਾਧੋ ਰੇ ਦਾ ਲਾ ਨਹੀਂ ਫੇਰਿਆ।

ਇਸ ਤਪਸਿਆ ਬਾਬਤ ਦਸਮ ਪਿਤਾ ਜੀ ਬਚਿਤਰ ਾਟਕ ਵਿਚ ਫਰਮਾਉਂਦੇ ਹਨ—

ਤਾਤ ਮਾਤ ਮੁਰ ਅਲਖ ਅਰਾਧਾ
ਬਹੁ ਬਿਧਿ ਜੋਗ ਸਾਧਨ ਸਾਧਾ ॥

ਸ੍ਰੀ ਗੁਰੂ ਤੇਗ ਬਹਾਦਰ ਧਰਮ ਪਰਚਾਰ ਹਿਤ ਦੇਸ ਟਨ ਲਈ ਚਲ ਪਏ। ਪਹਿਲਾਂ ਆਪ ਕੀਰਤਪੁਰ ਪੁਜੇ। ਕਹ- ਲੂਰੀਏ ਰਾਜੇ ਪਾਸੋਂ ਜਗ੍ਹਾ ਮੁਲ ਲੈ ਕੇ ਸ੍ਰੀ ਅਨੰਦਪੁਰ ਸਾਇਆ। ਏਥੋਂ ਬਹੁਤ ਸਾਰੇ ਤੀਰਥਾਂ ਦੇ ਦਰਸ਼ਨ ਕਰਦੇ ਤੇ ਖੀਆਂ ਦੇ ਦੁਖ ਦੂਰ ਕਰਦੇ ਧਰਮ ਪਰਚਾਰ ਕਰਦੇ ਸ੍ਰੀ ਟਨਾ ਸਾਹਿਬ ਪੁਜੇ। ਮਹਾਰਾਜ ਆਪ ਤਾਂ ਆਸਾਮ ਨੂੰ ਚਲੇ ਏ, ਮਾਤ ਗੁਜਰੀ ਜੀ, ਮਾਤਾ ਨਾਨਕੀ ਤੇ ਮਾਮਾ ਕਿਰਪਾਲ ਦ ਜੀ ਪਟਨੇ ਵਿਚ ਹੀ ਰਹੇ ਏਥੇ ਹੀ ਉਸ ਜੋਤ ਦਾ ਪ੍ਰਕਾਸ਼ ਇਆ ਜਿਸ ਨੇ ਸਾਰੇ ਸੰਸਾਰ ਨੂੰ ਰੋਸ਼ਨ ਕਰ ਦਿਤਾ ਤੇ ਖਮ ਸ਼ਾਹ ਵਰਗੇ ਫਕੀਰ, ਪ੍ਰਕਾਸ਼ ਦੇ ਦਰਸ਼ਨ ਲਈ ਪਟਨੇ ਜੇ।

ਤਹੀ ਪ੍ਰਕਾਸ਼ ਹਮਾਰਾ ਭਯੋ
ਪਟਨਾ ਸ਼ਹਰ ਬਿਖੇ ਭਵ ਲਯੋ

ਬਚਿਤਰ ਨਾਟਕ

ਜਗਤ ਮਾਤਾ ਗੁਜਰੀ ਜੀ ਨੇ ਉਸ ਮਹਾਂਬਲੀ ਹੇਮਕੁੰਟ ਦੇ ਤਪਸਵੀ ਨੂੰ ਜਨਮ ਦਿਤਾ ਜਿਸ ਨੇ ਦੇਸ਼ ਦੀ ਕਾਇਆ ਪਲਟ ਦਿਤੀ, ਦੁਸ਼ਟਾਂ ਨੂੰ ਖਤਮ ਕੀਤਾ ਗਊ ਗਰੀਬ ਤੇ ਸੰਤਾਂ ਦੀ ਰਖਿਆ ਕੀਤੀ ਇਹ ਮਾਤਾ ਗੁਜਰੀ ਜੀ ਦੀ ਸੰਸਾਰ ਨੂੰ ਸਭ ਤੋਂ ਵੱਡੀ ਦੇਣ ਸੀ।

ਪੰਜ ਛੇ ਸਾਲ ਮਾਤਾ ਜੀ ਸਾਹਿਬਜ਼ਾਦੇ ਸਮੇਤ ਪਟਨੇ ਵਿਚ ਹੀ ਰਹੇ। ਜਿਸ ਤਰ੍ਹਾਂ ਮਾਤਾ ਜੀ ਨੇ ਸਾਹਿਬਜ਼ਾਦੇ ਦੀ ਪਾਲਨਾ ਕੀਤੀ ਤੇ ਪਰਦੇਸ ਵਿਚ ਜਿਸ ਤਰ੍ਹਾਂ ਆਪਣਾ ਸਨਮਾਨ ਬਣਾਇਆ ਤੇ ਲੋਕਾਂ ਤੇ ਪਰਭਾਵ ਪਾਇਆ ਉਹ ਆਪ ਦੀ ਯੋਗਤਾ ਦੀ ਇਕ ਸਹੀ ਤਸਵੀਰ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਤੋਂ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਪੁਜ ਗਏ ਤੇ ਰਹਾਇਸ਼ ਦਾ ਸਾਰਾ ਪ੍ਰਬੰਧ ਕਰਕੇ ਮਾਤਾ ਜੀ ਤੇ ਸਾਹਿਬਜ਼ਾਦੇ ਨੂੰ ਅਨੰਦਪੁਰ ਮੰਗਵਾ ਲਿਆ। ਦੋ ਸਾਲ ਬਾਅਦ ਕਸ਼ਮੀਰ ਦੇ ਪੰਡਤਾਂ ਦੀ ਪੁਕਾਰ ਨੂੰ ਸੁਣ ਕੇ ਤੇ ਸਾਹਿਬਜ਼ਾਦੇ ਦੇ ਪਰਉਪਕਾਰ ਨਾਲ ਭਰੇ ਹੋਏ ਤੇ ਦਰਿੜ੍ਹ ਇਰਾਦੇ ਭਰਪੂਰ ਬਚਨ ਸੁਣ ਕੇ ਗਰੀਬਾਂ ਦੀ ਖਾਤਰ ਆਪਣਾ ਸੀਸ ਦੇਣ ਲਈ ਦਿਲੀ ਨੂੰ ਤੁਰ ਪਏ। ਮਾਤਾ ਗੁਜਰੀ ਜੀ ਨੇ ਦੇਸ਼ ਦੀ ਰਖਿਆ ਲਈ ਅਡੋਲ ਚਿਤ ਰਹਿ ਕੇ ਜੋ ਹੌਂਸਲਾ ਤੇ ਨਿਰਭੈਤਾ ਭਰਿਆ ਰੋਲ ਪੇਸ਼ ਕੀਤਾ ਉਸ ਦੀ ਮਿਸਾਲ ਸੰਸਾਰ ਵਿਚ ਲਭਣੀ ਅਸੰਭਵ ਨਹੀਂ ਤਾਂ ਕਠਨ ਜ਼ਰੂਰ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੱਘਰ ਸੁਦੀ ਪੰਚਮੀ ਸੰਮਤ 1732 ਵਿਚ ਦਿਲੀ ਤਿਲਕ ਜੰਞੂ ਦੀ ਰਖਿਆ ਲਈ ਆਪਣਾ ਸਿਰ ਬਲੀਦਾਨ ਕਰ ਦਿਤਾ ਇਸ ਤੋਂ ਮਗਰੋਂ ਜਿਸ ਯੋਗਤਾ ਨਾਲ ਮਾਤਾ ਜੀ ਨੇ ਸ਼ਾਂਤ ਚਿਤ ਰਹਿ ਕੇ ਸਮੇਂ ਦੀ ਸੰਭਾਲ ਕੀਤੀ ਉਹ ਭੀ ਆਪ ਦੀ ਯੋਗਤਾ ਦਾ ਅਦੁਤੀ ਨਮੂਨਾ ਹੈ।

ਪੋਹ 1761 ਨੂੰ ਕਲਗੀਧਰ ਪਾਤਸ਼ਾਹ ਨੂੰ ਸ੍ਰੀ ਅਨੰਦ ਪੁਰ ਛਡਨਾ ਪਿਆ। ਉਸ ਸਮੇਂ ਜਗਤ ਮਾਤਾ ਜੀ ਛੋਟੇ ਪੋਤਰਿਆਂ ਸਹਿਤ ਗੰਗੂ ਬਰਾਹਮਣ ਦੀ ਨਿਮਕ ਹਰਾਮੀ ਨਾਲ ਪਕੜੇ ਗਏ ਤੇ ਆਪ ਨੂੰ ਸਰਹਿੰਦ ਲਿਅੰਦਾ ਗਿਆ ਤੇ ਜਿਸ

ਬਾਕੀ ਸਫਾ 33 ਤੇ

ਝਰੀਟਾਂ

ਵਰ੍ਹਾ ਦੇਵੀਆਂ ਦਾ

' —ਦਲਬੀਰ

ਜਦੋਂ ਯੂ. ਐਨ. ਓ. ਦੇ ਇਕ ਮਰਦ ਮੈਂਬਰ ਨੇ 1975 ਨੂੰ ਔਰਤਾਂ ਦੇ ਵਰ੍ਹੇ ਵਝੋਂ ਮਨਾਉਣ ਦਾ ਮਤਾ ਰਖਿਆ ਤੇ ਦੂਜੇ ਨੇ ਇਸ ਦੀ ਤਾਈਦ ਕੀਤੀ ਅਤੇ ਫੇਰ ਮਰਦਾਂ ਦੀ 90 ਫੀ ਸਦੀ ਨੁਮਾਇੰਦਗੀ ਵਾਲੀ ਯੂ. ਐਨ. ਓ. ਨੇ ਇਹ ਮਤਾ ਪਾਸ ਕਰ ਦਿਤਾ, ਤਾਂ ਉਦੋਂ ਸ਼ਾਇਦ ਇਹਨਾਂ ਮਰਦਾਂ ਨੇ ਇਹ ਨਹੀਂ ਸੀ ਸੋਚਿਆ ਕਿ ਇੰਜ ਕਰ ਕੇ ਉਹ ਆਪਣੇ ਖ਼ਿਲਾਫ ਔਰਤਾਂ ਨੂੰ ਵੇਲਣੇ, ਥਾਪੀਆਂ ਅਤੇ ਤਿੱਖੇ ਨੈਣਾਂ ਦੇ ਹਥਿਆਰਾਂ ਤੋਂ ਅਲਗ ਨਵੇਂ ਹਥਿਆਰਾਂ ਦੇ ਅੰਬਾਰ ਦੇ ਰਹੇ ਹਨ। ਜਾਂ ਇੰਜ ਕਹਿ ਲਵੋ ਕਿ ਆਪਣੀ ਨਕੇਲ ਬੀਬੀਆਂ ਨੂੰ ਫੜਾ ਰਹੇ ਹਨ।

ਜਦੋਂ ਚੀਨ ਵਾਲੀ ਬੀਬੀ ਬਾਬਾ ਮਾਓ ਦੀਆਂ ਤੁਕਾਂ ਦਾ ਉਚਾਰਨ ਕਰਦੀ ਕਰਦੀ ਮਾਊਂਟ ਐਵਰੈਸਟ ਤੇ ਜਾ ਚੜ੍ਹੀ ਤਾਂ ਮੈਨੂੰ ਕੋਈ ਅਜਿਹੀ ਤਕਲੀਫ ਨਹੀਂ ਹੋਈ ਜਿੰਨੀ ਮੈਨੂੰ ਮੇਰੀ ਬੀਵੀ ਦੇ ਮਹੱਲਾ ਸਭਾ ਦੀ ਸਕੱਤਰ ਚੁਣੇ ਜਾਣ ਤੇ ਹੋਈ। ਉਹ ਸਕੱਤਰ ਕੀ ਚੁਣੀ ਗਈ ਬਸ ਮੇਰੇ ਤਾਂ ਭਾਅ ਦੀ ਬਣ ਗਈ—ਮੈਨੂੰ ਕੁਝ ਸੁੱਝੇ ਨਾ ਕਿ ਮੈਂ ਕੀ ਕਰਾਂ—ਕਦੇ ਰੋਟੀ ਪਕਾ ਰਿਹਾ ਹਾਂ, ਕਦੇ ਭਾਂਡੇ ਮਾਂਜ ਰਿਹਾ ਹਾਂ— ਤੇ ਕਦੀ ਪਤਨੀ ਦਾ ਸਿਰ ਘੁੱਟ ਰਿਹਾ ਹਾਂ। ਕਿਉਂਕਿ ਮਹੱਲਾ ਸਭਾ ਦੀ ਮਟਿੰਗ ਵਿਚ ਚੱਕੀ ਵਾਲੇ ਹਰਨਾਮ ਦੀ ਫੈਸ਼ਨੇਬਲ ਬੀਵੀ ਬਾਰੇ ਚੁੰਜ-ਚਰਚਾ ਵਿਚ ਉਸੇ ਨੇ ਸਭ ਤੋਂ ਬਹੁਤੀਆਂ ਗੱਲਾਂ ਕੀਤੀਆਂ ਸਨ ਤੇ ਸਕੱਤਰ ਦੇ ਨਾਤੇ ਉਸਦਾ ਫਰਜ਼ ਵੀ ਸੀ ਇਸ ਲਈ ਉਸਦਾ ਸਿਰ ਘੁੱਟਣਾ ਮੇਰਾ ਫਰਜ਼ ਸੀ।

ਔਰਤਾਂ ਕਦੇ ਵੀ ਅਬਲਾ ਜਾਂ ਨਿਤਾਣੀਆਂ ਨਹੀਂ ਰਹੀਆਂ। ਘਰ ਵਿਚ ਔਰਤ ਆਪਣੇ ਪਤੀ ਲਈ ਤਾਂ ਸਦਾ ਸਬਲਾ ਤੋਂ ਵੀ ਅਗੇ ਸ਼ੀਹਣੀ ਰਹੀ ਹੈ। ਹਾਂ ਹਰ ਔਰਤ ਪਰਾਏ ਮਰਦਾਂ ਲਈ ਅਬਲਾ ਹੁੰਦੀ ਹੈ ਤੇ ਹਰ ਮਰਦ ਲਈ ਪਰਾਈਆਂ ਔਰਤਾਂ ਅਬਲਾ ਹੁੰਦੀਆਂ ਹਨ। ਮੈਂ ਅਜਿਹੇ ਕਈ ਬੰਦਿਆਂ ਤੇ ਆਗੂਆਂ ਨੂੰ ਜਾਣਦਾ ਹਾਂ ਜਿਹੜੇ ਔਰਤ ਦੇ ਅਬਲਾ ਹੋਣ ਦਾ ਚੀਕ ਚਿਹਾੜਾ ਪਾਉਂਦੇ ਹਨ, ਉੱਛਲ ਉੱਛਲ ਕੇ ਕਹਿੰਦੇ ਹਨ ਕਿ ਅਬਲਾਵਾਂ ਦੀ, ਗਊਆਂ ਦੀ ਭਲਾਈ ਲਈ ਕਦਮ ਚੁਕਣੇ ਚਾਹੀਦੇ ਹਨ, ਪਰ ਘਰ ਵਿਚ ਉਹ ਆਪ ਗਊ ਦੇ ਬਛੜੇ ਬਣ ਜਾਂਦੇ ਹਨ ਅਤੇ ਬੀਵੀ ਸਾਹਵੇਂ ਕੁਸਕਣ ਤਕ ਦੀ ਹਿੰਮਤ ਨਹੀਂ ਕਰਦੇ। ਮੈਂ ਤਾਂ ਕਹਿ ਸਕਦਾ ਹਾਂ ਕਿ ਯੂ. ਐਨ. ਓ. 'ਚ ਜਿਸ ਮੈਂਬਰ ਨੇ 1975 ਦੇ ਵਰ੍ਹੇ ਨੂੰ ਔਰਤਾਂ ਦਾ ਵਰ੍ਹਾ ਮਿਥਨ ਦਾ ਮਤਾ ਪੇਸ਼ ਕੀਤਾ ਸੀ ਉਹ ਜ਼ਰੂਰ ਹੀ ਰਾਤ ਨੂੰ ਪੱਸਲੀਆਂ ਭੰਨਵਾਉਣ ਦੀ ਧਮਕੀ ਲੈ ਕੇ ਆਇਆ ਹੋਣਾ ਏਂ।

ਹਿੰਦੁਸਤਾਨ ਵਿਚ ਔਰਤ ਦੇਵੀ ਕਹੀ ਜਾਂਦੀ ਹੈ। ਮੈਂ ਹਿੰਦੁਸਤਾਨ ਦੀ ਔਰਤ ਨੂੰ ਦੁਰਗਾ ਦੇਵੀ ਕਹਿੰਦਾ ਹਾਂ, ਕਿਉਂਕਿ ਦੁਰਗਾ ਚੰਡੀ ਹੈ। ਜੇ ਮੈਨੂੰ ਆਪਣੀਆਂ ਪਸਲੀਆਂ ਦਾ ਡਰ ਨਾ ਹੋਵੇ, ਜਿਹੜੀਆਂ ਘੋਟਣੇ ਦਾ ਵਾਰ ਸਹਿਣ ਦੇ ਸਮਰਥ ਨਹੀਂ ਹਨ ਤਾਂ ਮੈਂ ਉਸ ਨੂੰ ਚੰਡਾਲਣੀ ਵੀ ਕਹਿ ਦਿਆਂ। ਹਾਂ ਤੇ ਇਹ ਦੇਵੀਆਂ ਬੜੀਆਂ ਦਿਲਚਸਪ ਹਨ। ਇਨ੍ਹਾਂ ਦਾ ਰੂਪ ਚੰਡਾਲਣੀ ਦਾ ਹੈ ਪਰ ਇਨ੍ਹਾਂ ਤੇ ਮੁਲੰਮਾ ਗਊ ਦਾ ਚੜ੍ਹਿਆ ਹੋਇਆ ਹੈ। ਜੇ ਤੁਸੀਂ ਵਿਆਹੇ ਹੋਏ ਹੋ ਤਾਂ ਤੁਹਾਨੂੰ ਸਹਿਜੇ ਹੀ ਪਤਾ ਲਗ ਜਾਏਗਾ ਕਿ ਜਦੋਂ ਤੁਸੀਂ ਮਿਤਰਾਂ ਦੀ ਟੋਲੀ 'ਚ ਬੈਠੇ ਰਤਾ ਦੇਰ ਕਰ ਬੈਠੋ ਤਾਂ ਤੁਹਾਡੀ ਪਤਨੀ ਦਾ ਰੂਪ ਚੰਡਾਲਣੀ ਵਰਗਾ ਹੁੰਦਾ ਹੈ ਜਾਂ ਗਊ ਵਾਲਾ।

ਸਿਆਣੇ ਕਹਿੰਦੇ ਹਨ ਔਰਤ ਮਿੱਠਾ ਮਹੁਰਾ ਹੈ। ਜੀਹਨੇ ਨਹੀਂ ਚਖਿਆ ਉਹ ਵੀ ਦੁਖੀ, ਜੀਹਨੇ ਚਖ ਲਈ ਉਹ ਵੀ ਔਖਾ। ਮੈਂ ਇਸ ਗੱਲ ਨੂੰ ਕੋਰੀ ਬਕਵਾਸ ਮੰਨਦਾ ਹਾਂ। ਨਾ ਔਰਤ ਮਿੱਠੀ ਹੈ ਤੇ ਨਾ ਮਹੁਰਾ। ਮੈਂ ਇੰਜ ਕਹਿਕੇ ਆਪਣੀ ਰੋਟੀ ਤਾਂ ਬੰਦ ਨਹੀਂ ਕਰਵਾ ਲੈਣੀ।

ਅਜਕਲ ਇਕ ਲਹਿਰ ਚਲੀ ਹੈ ਦਾਜ ਵਿਰੋਧੀ ਲਹਿਰ। ਇਸ ਲਹਿਰ ਵਿਚ ਬੀਬੀਆਂ ਦਾ ਰੋਲ ਬਹੁਤ ਦਿਲਚਸਪ ਹੈ। ਇਕ ਪਾਸੇ ਤਾਂ ਸਭਾਵਾਂ ਵਿਚ ਨੇਤਾ ਬੀਬੀਆਂ ਐਲਾਨ ਕਰਦੀਆਂ ਹਨ "ਇਹ ਔਰਤਾ ਦਾ

ਵਰ੍ਹਾ ਹੈ ਤੇ ਇਸ ਵਰ੍ਹੇ ਦੌਰਾਨ ਜੇਕਰ ਦਾਜ ਦੀ ਲਾਅਨਤ ਖਤਮ ਨਾ ਕੀਤੀ ਗਈ ਤਾਂ ਬਹੁਤ ਸ਼ਰਮ ਵਾਲੀ ਗੱਲ ਹੋਵੇਗੀ । ਜਿਹੜੇ ਦਾਜ ਦੇ ਲਾਲਚੀ ਹਨ, ਉਹਨਾਂ ਨੂੰ ਅਸੀਂ ਧੀਆਂ ਨਹੀਂ ਦਿਆਂਗੇ, ਉਨ੍ਹਾਂ ਦਾ ਸਿਆਪਾ ਕਰਾਂਗੇ ।" ਸਭ ਦੇਵੀਆਂ ਤਾੜੀਆਂ ਬਜਾ ਦੇਂਦੀਆਂ ਹਨ, ਪਰ ਘਰ ਜਾ ਕੇ ਆਪਣੇ ਮੁੰਡੇ ਦੇ ਵਿਆਹ ਲਈ ਲੈਣ ਵਾਲੇ ਦਾਜ ਦੀ ਲਿਸਟ ਤਿਆਰ ਕਰਨ ਲਗ ਪੈਂਦੀਆਂ ਹਨ ।

ਇਕ ਵਾਰ ਦੀ ਗੱਲ ਹੈ ਕਿ ਕਿਸੇ ਫਰਮ ਵਿਚ ਇਕ ਮੁਲਾਜ਼ਮ ਕਈ ਵਰ੍ਹਿਆਂ ਤੋਂ ਕੰਮ ਕਰਦਾ ਆ ਰਿਹਾ ਸੀ, ਪਰ ਉਸਦੀ ਤਰੱਕੀ ਨਹੀਂ ਸੀ ਕੀਤੀ ਜਾਂਦੀ । ਉਸ ਇਕ ਦਿਨ ਆਪਣਾ ਮਨ ਬਣਾ ਲਿਆ ਤੇ ਆਪਣੇ ਮਾਲਕ ਨੂੰ ਜਾ ਘੇਰਿਆ ।

"ਕਿਉਂ, ਕੀ ਗੱਲ ਹੈ ?" ਮਾਲਕ ਨੇ ਪੁਛਿਆ

"ਜੀ, ਮੇਰੀ ਤਰੱਕੀ ਕਰ ਦਿਓ, ਨਹੀਂ ਤਾਂ......।"

"ਨਹੀਂ ਤਾਂ ਕੀ ?"

"ਨਹੀਂ ਤਾਂ ਮੈਂ ਏਸੇ ਤਨਖਾਹ ਵਿਚ ਕੰਮ ਕਰਦਾ ਰਹਾਂਗਾ" ਵਿਚਾਰੇ ਮੁਲਾਜ਼ਮ ਨੇ ਉਤਰ ਦਿਤਾ ਤੇ ਮੂੰਹ ਲਟਕਾ ਕੇ ਆਪਣਾ ਕੰਮ ਕਰਨ ਤੁਰ ਪਿਆ ।

ਇਹੀ ਹਾਲ ਸਾਡੀਆਂ ਬੀਬੀਆਂ ਦਾ ਹੈ । ਸਾਡੇ ਗੁਆਂਢੀਆਂ ਦੀ ਭਰ ਮੁਟਿਆਰ ਕੁੜੀ ਕਾਲਜ ਤੋਂ ਆਈ ਤੇ ਆਉਂਦੀ ਸਾਰ ਬੋਲੀ :

"ਅਜ ਅਸੀਂ ਸਹੁੰ ਖਾਧੀ ਹੈ ।"

"ਕਾਹਦੀ ਸਹੁੰ ?" ਮੈਂ ਪੁਛਿਆ ।

"ਕਾਲਜ ਦੇ ਇਕ ਫੰਕਸ਼ਨ 'ਚ ਅਸੀਂ ਦੋ ਸੌ ਕੁੜੀਆਂ ਨੇ ਸਹੁੰ ਖਾਦੀ ਹੈ ਕਿ ਅਸੀਂ ਦਾਜ ਦੇ ਲਾਚੀਆਂ ਨਾਲ ਵਿਆਹ ਨਹੀਂ ਕਰਵਾਵਾਂ ਗੀਆਂ ।"

ਜੇਕਰ ਇਹ ਗੱਲ ਲਿਖੀ ਗਈ ਹੁੰਦੀ ਤਾਂ ਮੈਂ ਕਹਿੰਦਾ ਕਿ ਹਾਲੇ ਸਿਆਹੀ ਵੀ ਨਹੀਂ ਸੁੱਕੀ ਕਿ ਉਹ ਭਾਰਤੀ ਵੀਰਾਂਗਣ ਆਪਣੀ ਮਾਂ ਨਾਲ ਲੜ ਰਹੀ ਸੀ ਕਿ ਉਸ ਦੇ ਦਾਜ ਵਿਚ ਦਸ ਬਿਸਤਰੇ ਜ਼ਰੂਰ ਦਿਤੇ ਜਾਣ । ਮੈਂ ਉਸ ਨੂੰ ਪੁਛਿੱਆ :

"ਹੁਣੇ ਹੁਣੇ ਤਾਂ ਤੂੰ ਦਾਜ ਨਾ ਲੈਣ ਦੀ ਗੱਲ ਕਰਦੀ ਸੀ ।"

"ਭਾ ਜੀ, ਜੇ ਦਾਜ ਨਾ ਲੈਣ ਵਾਲਾ ਮੁੰਡਾ ਨਾ ਮਿਲਿਆ ਤਾਂ ਫੇਰ......?" ਉਸ ਮੂੰਹ ਫੁਲਾ ਕੇ ਕਿਹਾ ਤੇ ਮੈਂ ਉਸ ਭਾਰਤੀ ਮੁਟਿਆਰ ਤੇ ਮੁਸਕਰਾ ਕੇ ਰਹਿ ਗਿਆ ।

ਇਹ ਬੀਬੀਆਂ ਅੱਜ ਕਲ ਮਰਦਾਂ ਦੀ ਬਰਾਬਰੀ ਦੀ ਮੰਗ ਕਰ ਰਹੀਆਂ ਹਨ, ਪਰ ਕੁਝ ਗੱਲਾਂ ਵਿਚ ਵਿਸ਼ੇਸ਼ਤਾ ਹਾਲੇ ਵੀ ਕਾਇਮ ਹੈ । ਇਕ ਬੀਬੀ ਮੇਕਅੱਪ ਕਰ ਰਹੀ ਸੀ ਤਾਂ ਪਤੀ ਨੇ ਕਿਹਾ, "ਮੈਂ ਕਿਹਾ ਜੀ ਜਲਦੀ ਆ ਜਾਓ ।"

"ਘੰਟੇ ਭਰ ਤੋਂ ਕਹਿ ਰਹੀ ਆਂ ਕਿ ਪੰਜ ਮਿੰਟਾਂ ਵਿਚ ਆਈ, ਪਰ ਤੁਸੀਂ ਤਾਂ ਟੈਂ ਟੈਂ ਕਰੀ ਜਾਂਦੇ ਹੋ ।" ਉਸ ਬੀਬੀ ਨੇ ਉਤਰ ਦਿਤਾ । ਇਹ ਵਿਸ਼ੇਸ਼ਤਾ ਹਾਲੇ ਵੀ ਕਾਇਮ ਹੈ ਅਤੇ ਪੂਰੀ ਤਰਾਂ ਕਾਇਮ ਹੈ ।

ਔਰਤਾਂ ਕਿਉਂ ਕਿ ਬਰਾਬਰੀ ਦੀ ਮੰਗ ਕਰ ਰਹੀਆਂ ਹਨ ਅਤੇ ਇਸ ਆੜ ਵਿਚ ਸਰਦਾਰੀ ਕਾਇਮ ਕਰਨ ਵਲ ਵਧ ਰਹੀਆਂ ਹਨ ਇਸ ਲਈ ਇਕ ਮਰਦ ਹੋਣ ਦੇ ਨਾਤੇ ਅਤੇ ਬੀਵੀ ਉਰਫ ਬੀਬੀ ਦੇ ਜ਼ੁਲਮਾਂ ਦਾ ਸ਼ਿਕਾਰ ਹੋਣ ਦੇ ਨਾਤੇ ਮੈਂ ਆਪਣੇ ਸਭ ਹਮਜੋਲੀਆਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਆਪਣੀ ਇਕ ਮਰਦ ਸਭਾ ਕਾਇਮ ਕਰਨ ਜਿਹੜੀ ਔਰਤਾਂ ਦੇ ਜ਼ੁਲਮਾਂ ਵਿਰੁਧ ਆਵਾਜ਼ ਬੁਲੰਦ ਕਰੇ ਤੇ ਮਰਦਾਂ ਦੇ ਹੱਕਾਂ ਲਈ ਅਤੇ ਔਰਤਾਂ ਦੀ ਸਰਦਾਰੀ ਵਿਰੁਧ ਸੰਘਰਸ਼ ਕਰੇ ।

ਇਸ ਵਰ੍ਹੇ ਦੇ ਸ਼ੁਰੂ ਵਿਚ ਪਾਕਿਸਤਾਨ ਦੇ ਛੜਿਆਂ ਨੇ ਮਗ ਕੀਤੀ ਸੀ ਕਿ 1976 ਦਾ ਵਰ੍ਹਾ ਛੜਿਆਂ ਦੇ ਵਰ੍ਹੇ ਵਲੋਂ ਮਨਾਇਆ ਜਾਏ । ਅਸੀਂ ਮੰਗ ਕਰਦੇ ਹਾਂ ਕਿ 1977 ਦਾ ਵਰ੍ਹਾ ਪਤੀਆਂ ਦੇ ਵਰ੍ਹੇ ਵਜੋਂ ਮਨਾਇਆ ਜਾਵੇ । ਸਾਨੂੰ ਛੜਿਆਂ ਨਾਲ ਪੂਰੀ ਹਮਦਰਦੀ ਹੈ ਅਤੇ ਇਸੇ ਹਮਦਰਦੀ ਕਾਰਨ ਅਸੀਂ ਮੰਗ ਕਰਦੇ ਹਾਂ ਕਿ ਸਭ ਛੜਿਆਂ ਦਾ ਵਿਆਹ ਕਰਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ 1977 ਤਕ ਪਤੀਆਂ ਦੀ ਨਫਰੀ ਵਿਚ ਵਾਧਾ ਹੋਵੇ ।

"ਠੱਕ—ਠੱਕ—ਠੱਕ ਠੱਕ......"

ਇਹ ਸ਼ਾਇਦ ਮੇਰੀ ਪਤਨੀ ਦੇ ਹਾਈ ਹੀਲ ਸੈਂਡਲਾਂ ਦੀ ਆਵਾਜ਼ ਹੈ । ਹਾਂ—ਉਹੀ ਹੈ ਬਸ ਬਾਕੀ ਫੇਰ ਸਹੀ । ਹਾਲੇ ਤਾਂ ਮੈਂ ਇਸ ਗੱਲ ਲਈ ਤਿਆਰ ਹੋਣਾ ਹੈ ਕਿ ਝਾੜੂ ਫੇਰਨ ਦੀ ਥਾਂ ਵਰਿਆਮ ਦੇ ਪਾਠਕਾਂ ਨਾਲ ਦੁੱਖ ਸਾਂਝਾ ਕਰਨ ਲਗ ਪੈਣ ਲਈ ਉਹ ਮੈਨੂੰ ਕਿਹੜੇ ਸ਼ਬਦਾਂ ਨਾਲ ਨਿਵਾਜਦੀ ਹੈ । ਅੱਛਾ ਫਿਰ ਮਿਲਾਂਗੇ ।

ਜਾਂਦੇ ਜਾਂਦੇ ਇਕ ਨਾਅਰਾ ਲਾਈਏ

ਮਰਦ ਏਕਤਾ...ਜ਼ਿੰਦਾ...ਅ...ਅ—ਆ...(ਪਤਨੀ ਦੀ ਘੂਰੀ ਦੇਖ ਕੇ) ਮੁਰ...ਦਾ...ਬਾਦ... । ●

ਖੇਡਾਂ :

ਤੀਜੀ ਭਾਰਤੀ ਗਰਾਂਡ ਪ੍ਰੀ ਟੈਨਿਸ ਟੂਰਨਾਮੈਂਟ

ਨਰਾਇਣ

23 ਨਵੰਬਰ ਨੂੰ ਕਲਕਤਾ ਵਿਖੇ ਸਮਾਪਤ ਹੋਈ ਤੀਜੀ ਭਾਰਤੀ ਗਰਾਂਡ ਪ੍ਰੀ ਟੈਨਿਸ ਟੂਰਨਾਮੈਂਟ ਨੂੰ ਹਰ ਤਰ੍ਹਾਂ ਨਾਲ ਸਫਲ ਕਰਾਰ ਦਿਤਾ ਗਿਆ ਹੈ । ਅਸਲ ਵਿਚ ਇਸ ਟੂਰਨਾਮੈਂਟ ਦੇ ਪ੍ਰਬੰਧਕ ਇਸ ਮਾਣ ਦੇ ਭਰਪੂਰ ਹਕਦਾਰ ਹਨ ਕਿ ਉਨ੍ਹਾਂ ਦੇ ਸੁਚੱਜੇ ਅਤੇ ਸੁੰਦਰ ਪ੍ਰਬੰਧ ਸਦਕਾ ਹੀ ਭਾਰਤੀ ਗਰਾਂਡ ਪ੍ਰੀ ਦਾ ਦਰਜਾ B ਕਲਾਸ ਤੋਂ ਵਧ ਕੇ A ਕਲਾਸ ਕਰ ਦਿਤਾ ਗਿਆ ਹੈ । ਇਹ ਭਾਰਤ ਅਤੇ ਭਾਰਤ ਵਾਸੀਆਂ ਲਈ ਬੜੇ ਫਖਰ ਦੀ ਗਲ ਹੈ ।

ਇਹ ਟੂਰਨਾਮੈਂਟ ਕਲਕਤਾ ਦੇ ਨੇਤਾ ਜੀ ਸਟੇਡੀਅਮ ਵਿਚ ਖੇਡਿਆ ਗਿਆ । ਮਜ਼ੇ ਦੀ ਗਲ ਇਹ ਹੈ ਕਿ ਇਹ ਟੂਰਨਾਮੈਂਟ Flood lights ਬਲੇ ਅਤੇ ਹਰੀ ਬਨਾਵਟੀ ਗਰਾਊਂਡ ਤੇ ਖੇਡਿਆ ਗਿਆ । ਇਸ ਵਿਚ ਭਾਰਤ ਦਾ ਪ੍ਰਤੀਨਿਧਤਵ ਚੋਟੀ ਦੇ ਖਿਡਾਰੀ ਵਿਜੈ ਅੰਮ੍ਰਿਤਰਾਜ ਕਰ ਰਹੇ ਸਨ । ਹੋਰ ਭਾਰਤੀ ਖਿਡਾਰੀਆਂ ਨੇ ਵੀ ਜਿਨ੍ਹਾਂ ਵਿਚੋਂ ਕੁਝ ਦੇ ਨਾਂ ਹਨ ਅਨੰਦ ਅੰਮ੍ਰਿਤਰਾਜ ਚਿਰਾਦੀਪ ਮੁਕਰਜੀ, ਪ੍ਰੇਮਜੀਤ ਲਾਲ, ਸ਼ਸ਼ੀ ਮੇਨਨ ਆਦਿਕ ਨੇ ਵੀ ਭਾਗ ਲਿਆ ਪਰ ਇਹ ਸਾਰੇ ਖਿਡਾਰੀ ਟੂਰਨਾਮੈਂਟ ਦੇ ਪਹਿਲੇ ਹੀ ਦੌਰ ਵਿਚ ਇਸ ਨੂੰ ਸਲਾਮ ਆਖ ਕੇ ਦਰਸ਼ਕਾਂ ਵਿਚ ਸ਼ਾਮਲ ਹੋ ਗਏ । ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਇਸ ਗਲ ਦੀ ਸ਼ੰਕਾ ਸੀ ਕਿ ਸ਼ਾਇਦ ਵਿਜੈ ਅੰਮ੍ਰਿਤਰਾਜ ਇਸ ਵਿਚ ਭਾਗ ਨਾ ਲੈ ਸਕਣ ਕਿਉਂਕਿ ਉਹ ਕੁਝ ਬੀਮਾਰ ਪੈ ਗਏ ਸਨ । ਪਰ ਅਖੀਰ ਉਹ ਇਸ ਵਿਚ ਹਿਸਾ ਲੈ ਹੀ ਗਏ ।

ਜੇ ਅਸੀਂ ਇਥੇ ਵਿਦੇਸ਼ੀ ਖਿਡਾਰੀਆਂ ਦੇ ਜਿਨ੍ਹਾਂ ਨੇ ਇਸ ਟੂਰਨਾਮੈਂਟ ਵਿਚ ਹਿੱਸਾ ਲਿਆ, ਨਾਮ ਨਾ ਲਈਏ ਤਾਂ ਇਹ ਇਕ ਕਿਸਮ ਦੀ ਬੇਇਨਸਾਫੀ ਹੋਵੇਗੀ ਉਨ੍ਹਾਂ ਨਾਲ । ਉਨ੍ਹਾਂ ਵਿਚੋਂ ਕੁਝ ਕੁ ਦੇ ਨਾਮ ਇਹ ਹਨ ; ਕਰੋਡੋ ਬਰਾਜੁਟੀ, ਜੌਹਨ ਬਾਰਟਲੇਟ, ਜਿਮ ਡਿਲਨੈ, ਰੇ ਰਫਲਜ਼ ਡਿਕ ਡੈਲ, ਐਲਕਸ ਮੇਯਰ. ਟੋਮ ਗੋਰਮੈਨ, ਗਿਲਬਰਟ ਅਤੇ ਸਪੇਨ ਦਾ ਮਸ਼ਹੂਰ ਖਿਡਾਰੀ ਮੈਨੂਯਲ ਔਰੇਂਟਸ । ਇਨ੍ਹਾਂ ਤੋਂ ਇਲਾਵਾ ਪਾਕਿਸਤਾਨ ਦੇ ਖਿਡਾਰੀ ਹਰੂਨ ਰਾਹੀਮ ਅਤੇ ਆਸਟਰੇਲੀਆ ਦੇ ਕਿਮ ਵਾਰਵਿਕ ਨੇ ਵੀ ਹਿਸਾ ਲਿਆ ।

ਇਨ੍ਹਾਂ ਵਿਚੋਂ ਟੋਮ ਗੋਰਮੈਨ ਭਾਰਤੀ ਲਾਨ ਟੈਨਿਸ ਨੈਸ਼ਨਲ ਜਿਤ ਚੁਕੇ ਹਨ ਵਿਜੈ ਨੂੰ ਹਰਾ ਕੇ ।

ਪਰ ਆਓ ਜ਼ਰਾ ਕਲਕੱਤਾ ਟੂਰਨਾਮੈਂਟ ਦੇ ਫਾਈਨਲ ਵਲ ਝਾਤ ਪਾਈਏ । ਇਹ ਫਾਈਨਲ ਭਾਰਤ ਦੇ ਵਿਜੈ ਅੰਮ੍ਰਿਤਰਾਜ ਅਤੇ ਸਪੇਨ ਦੇ ਮੈਨੂਯਲ ਔਰੇਂਟਸ ਦੇ ਵਿਚਕਾਰ ਖੇਡਿਆ ਗਿਆ । ਖੇਡ ਦਾ ਪਹਿਲਾ ਸੈਟ ਬੜਾ ਜੰਮ ਕੇ ਖੇਡਿਆ ਗਿਆ । ਦੂਜੀ ਗੇਮ ਵਿਚ ਹੀ ਵਿਜੈ ਨੇ ਔਰੇਂਟਸ ਦੀ ਸਰਵਿਸ ਤੋੜ ਦਿਤੀ । ਪਰ ਔਰੇਂਟਸ ਵੀ ਕੁਝ ਘਟ ਨਹੀਂ ਸੀ ਉਸ ਨੇ ਵੀ ਵਿਜੈ ਦੀ ਸਰਵਿਸ ਤੋੜ ਕੇ ਨੰਬਰ ਬਰਾਬਰ ਕਰ ਲਏ । ਅਤੇ ਉਨ੍ਹਾਂ ਨਾਲੋਂ ਅਗੇ ਲੰਘ ਗਏ । ਇਸ ਵਕਤ ਐਸਾ ਲਗ ਰਿਹਾ ਸੀ ਕਿ ਵਿਜੈ ਹਾਰ ਜਾਵੇਗਾ । ਪਰ ਉਨ੍ਹਾਂ ਨੇ ਬੜੀ ਹੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਇਹ ਸੈਟ 7-5 ਨਾਲ ਜਿਤ ਲਿਆ । ਦੂਜੇ ਸੈਟ ਵਿਚ ਉਸ ਨੇ ਔਰੇਂਟਸ ਨੂੰ 6-4 ਨਾਲ ਹਰਾ ਦਿਤਾ ਅਤੇ ਇਹ ਫਾਈਨਲ ਜਿੱਤ ਲਿਆ । ਇਸ ਫਾਈਨਲ ਨੂੰ ਲੱਗਭਗ 12000 ਦਰਸ਼ਕਾਂ ਨੇ ਮਾਣਿਆ ।

ਦੂਹਰੇ ਫਾਈਨਲ ਵਿਚ ਸਪੇਨ ਦੇ ਮੈਨੂਅਲ ਔਰੇਂਟਸ ਅਤੇ ਸਪੇਨ ਦੇ ਹੀ ਗਿਲਬਰਟ ਨੇ ਭਾਰਤ ਦੇ ਵਿਜੈ ਅਤੇ ਆਨੰਦ ਅੰਮ੍ਰਿਤਰਾਜ ਨੂੰ ਇਕ ਸੈਟ ਦੇ ਮੁਕਾਬਲੇ ਦੋ ਸੈਟਾਂ ਨਾਲ ਹਰਾ ਕੇ Doubles ਫਾਈਨਲ ਜਿਤ ਲਿਆ ।

ਇਨਾਮ ਵੰਡਣ ਦੀ ਰਸਮ ਭਾਰਤ ਰਾਸ਼ਟਰਪਤੀ ਸ੍ਰੀ ਫਖਰੂਦੀਨ ਅਲੀ ਅਹਿਮਦ ਨੇ ਅਦਾ ਕੀਤੀ ।

ਰੈਨੇ ਫਰੈਂਕ ਗੋਲਡ ਕੱਪ ਹਾਕੀ ਟੂਰਨਾਮੈਂਟ

29 ਦਸੰਬਰ 1975 ਤੋਂ ਮਦਰਾਸ ਵਿਚ ਭਾਰਤੀ ਹਾਕੀ ਸੰਘ ਦੀ ਗੋਲਡਨ ਜੁਬਲੀ ਮਨਾਉਣ ਦੇ ਸੰਬੰਧ ਵਿਚ ਇਕ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਕੀਤਾ ਜਾ ਰਿਹਾ ਹੈ ।

ਭਾਰਤ ਸਮੇਤ ਇਸ ਵਿਚ ਅੱਠ ਟੀਮਾਂ ਭਾਗ ਲੈ ਰਹੀਆਂ ਹਨ । ਜਿਹੜੀਆਂ ਟੀਮਾਂ ਨੇ ਇਸ ਵਿਚ ਭਾਗ ਲੈਣ ਦੀ ਪੁਸ਼ਟੀ ਕੀਤੀ ਹੈ ਉਹ ਹਨ ਸਪੇਨ, ਮਲੇਸ਼ੀਆ, ਕੀਨੀਆ, ਫਰਾਂਸ, ਬੈਲਜੀਅਮ, ਸਿੰਘਾਪੁਰ ਅਤੇ ਪੱਛਮੀ ਜਰਮਨੀ ।

ਹਾਕੀ ਪ੍ਰੇਮੀ ਇਸ ਗੱਲ ਤੇ ਹੈਰਾਨ ਹਨ ਕਿ ਹਾਲੈਂਡ ਆਸਟਰੇਲੀਆ, ਨਿਊਜ਼ੀਲੈਂਡ ਅਤੇ ਪਾਕਿਸਤਾਨ ਇਸ ਵਿਚ ਭਾਗ ਕਿਉਂ ਨਹੀਂ ਲੈ ਰਹੇ । ਇਨ੍ਹਾਂ ਟੀਮਾਂ ਤੋਂ ਬਿਨਾਂ ਟੂਰਨਾਮੈਂਟ ਦੇ ਮਹੱਤਵ ਵਿਚ ਫਰਕ ਪੈਂਦਾ ਹੈ। ਪਾਕਿਸਤਾਨ ਅਤੇ ਪੱਛਮੀ ਜਰਮਨੀ ਨੇ ਆਪਣੇ ਹਿੱਸਾ ਨਾ ਲੈਣ ਦਾ ਕਾਰਨ ਘੱਟ ਟਾਈਮ ਦਸਿਆ ਹੈ । ਹਾਲੈਂਡ ਜਿਸ ਦੀ ਸਹੂਲਤ ਵਾਸਤੇ ਇਸ ਟੂਰਨਾਮੈਂਟ ਦੀਆਂ ਤਾਰੀਖਾਂ ਵੀ ਬਦਲੀਆਂ, ਇਸ ਵਿਚ ਹਿਸਾ ਨਹੀਂ ਲੈ ਰਿਹਾ । ਆਸਟਰੇਲੀਆ ਨੇ ਵੀ ਇਸ ਵਿਚ ਭਾਗ ਲੈਣ ਤੋਂ ਇਨਕਾਰੀ ਜ਼ਾਹਿਰ ਕੀਤੀ ਹੈ ।

ਸ਼ਾਇਦ ਪੱਛਮੀ ਜਰਮਨੀ ਆਪਣੇ ਔਲੰਪਿਕ ਅਤੇ ਪਰੀ ਔਲੰਪਿਕ ਜੇਤੂ ਹੋਣ ਦੇ ਮਾਣ ਨੂੰ ਖਤਰੇ ਵਿਚ ਨਹੀਂ ਪਾਉਣਾ ਚਾਹੁੰਦਾ, ਇਸ ਟੂਰਨਾਮੈਂਟ ਵਿਚ ਹਿੱਸਾ ਲੈਣ ਨਾਲ । ਪਰ ਉਹਨਾਂ ਹੀ ਤਾਰੀਖਾਂ ਤੇ ਜਰਮਨੀ ਦੀ ਟੀਮ ਪਾਕਿਸਤਾਨ ਦਾ ਦੌਰਾ ਕਰ ਰਹੀ ਹੈ । ਪਾਕਿਸਤਾਨ ਦੇ ਇਸ ਵਿਚ ਹਿੱਸਾ ਨਾ ਲੈਣ ਦੇ ਕਾਰਨ ਰਾਜਨੀਤਕ ਵੀ ਹੋ ਸਕਦੇ ਹਨ। ਪਰ ਜਰਮਨੀ, ਹਾਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਕਾਰਨ ਰਾਜਨੀਤਕ ਨਹੀਂ ਹਨ । ਇਸ ਤੋਂ ਸਾਫ ਜ਼ਾਹਿਰ ਹੈ ਕਿ ਭਾਰਤੀ ਹਾਕੀ ਨੂੰ ਉਹ ਪੂਰਾ ਮਾਣ ਨਹੀਂ ਦੇ ਰਹੇ ਜਿਸ ਦੀ ਕਿ ਇਹ ਪੂਰੀ ਹੱਕਦਾਰ ਹੈ ।

ਪੱਛਮੀ ਜਰਮਨੀ ਨੇ ਹੁਣ ਆਪਣੀ 'ਬੀ' ਟੀਮ ਭੇਜਣ ਦੀ ਸਹਿਮਤੀ ਪ੍ਰਗਟ ਕੀਤੀ ਹੈ ਜਦ ਕਿ ਉਸ ਦੀ 'ਏ' ਟੀਮ ਉਸ ਵਕਤ ਪਾਕਿਸਤਾਨ ਦੇ ਦੌਰੇ ਤੇ ਹੋਵੇਗੀ ।

ਇਸ ਟੂਰਨਾਮੈਂਟ ਦਾ ਫਾਈਨਲ 8 ਫਰਵਰੀ 1976 ਨੂੰ ਖੇਡਿਆ ਜਾਵੇਗਾ ।

ਪ. ਇਹਨਾਂ ਟੀਮਾਂ ਦੀ ਗੈਰ ਹਾਜ਼ਰੀ ਕਾਰਨ ਇਸ ਟੂਰਨਾਮੈਂਟ ਦਾ ਮਹੱਤਵ ਉਹ ਨਹੀਂ ਰਹਿੰਦਾ ਜਿਹੜਾ ਕਿ ਰਹਿਣਾ ਚਾਹੀਦਾ ਸੀ । ●

ਜਗਤ ਮਾਤਾ ਗੁਜਰੀ (ਸਫਾ 29 ਦੀ ਬਾਕੀ)

ਨਿਰਭੈਤਾ ਨਾਲ ਛੋਟੇ ਛੋਟੇ ਸਾਹਿਬਜ਼ਾਦਿਆਂ ਨੇ ਜ਼ਾਲਮ ਦੇ ਭਰੇ ਦਰਬਾਰ ਵਿਚ ਸਵਾਲ ਜਵਾਬ ਕੀਤੇ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ । ਉਹ ਸਭੋ ਕੁਝ ਦਾਦੀ ਅੰਮਾਂ ਮਾਤਾ ਗੁਜਰੀ ਜੀ ਦੇ ਉਪਦੇਸ਼ਾਂ ਦਾ ਸਦਕਾ ਸੀ ਜੋ ਰੋਜ਼ ਉਹਨਾਂ ਨੂੰ ਠੰਡੇ ਬੁਰਜ ਵਿਚ ਦਿਤਾ ਜਾਂਦਾ ਸੀ । ਉਹਨਾਂ ਦੇ ਹੌਂਸਲੇ ਨੂੰ ਚੜ੍ਹਦੀ ਕਲਾ ਵਿਚ ਲਜਾਣਾ ਸੀ । ਉਸੇ ਦਿਨ ਮਾਤਾ ਜੀ ਭੀ ਆਪਣੇ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਸਚਖੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਦੇ ਚਰਨਾਂ ਵਿਚ ਜਾ ਬਰਾਜੇ । ਇਹ ਸਾਕਾ 13 ਪੋਹ ਸੰਮਤ 1761 ਨੂੰ ਹੋਇਆ ਜਿਸ ਦਾ ਮੁਗਲੀਆ ਹਕੂਮਤ ਤੇ ਬਹੁਤ ਵੱਡਾ ਕਲੰਕ ਲਗਾ ਤੇ ਉਸ ਨੂੰ ਤਬਾਹ ਕਰਕੇ ਰੱਖ ਦਿਤਾ ।

ਜਗਤ ਮਾਤਾ ਗੁਜਰੀ ਜੀ ਦਾ ਇਕੋ ਅਸਥਾਨ ਜਿਥੇ ਮਾਤਾ ਜੀ ਨੇ ਜਨਮ ਲਿਆ ਤੇ ਬਚਪਨ ਗੁਜ਼ਾਰਿਆ ਅਤੇ ਜਿਥੇ ਗੁਰੂ ਤੇਗ ਬਹਾਦਰ ਜੀ ਨਾਲ ਵਿਵਾਹ ਹੋਇਆ, ਸੰਸਾਰ ਦੇ ਦੁਖਾਂ ਨੂੰ ਦੂਰ ਕਰਨ ਲਈ ਉਪਰਾਲੇ ਦਾ ਮੁਢ ਬੱਝਾ, ਕਰਤਾਰਪੁਰ ਜ਼ਿਲਾ ਜਾਲੰਧਰ ਵਿਚ ਹੈ ਜੋ ਸੰਮਤ 1811 ਵਿਚ, ਨਾਸਰਦੀਨ ਸੂਬਾ ਜਲੰਧਰ ਨੇ, ਜਦ ਸਾਰੇ ਕਰਤਾਰਪੁਰ ਨੂੰ ਫੂਕ ਕੇ ਤਬਾਹ ਕਰ ਦਿਤਾ, ਇਹ ਅਸਥਾਨ ਭੀ ਉਸ ਦੇ ਜ਼ੁਲਮ ਦਾ ਸ਼ਿਕਾਰ ਹੋ ਗਿਆ । ਮਗਰੋਂ ਉਹਨਾਂ ਦਾ ਨਿਵਾਸ ਅਸਥਾਨ ਇਕ ਬਰਾਹਮਨ ਖਾਨਦਾਨ ਪਾਸ ਰਿਹਾ ਤੇ ਵਿਵਾਹ ਅਸਥਾਨ ਇਕ ਬੁਰਜੀ ਦੀ ਸ਼ਕਲ ਵਿਚ ਕਾਇਮ ਰਿਹਾ । ਸੰਨ 1922, 23 ਦੀਸਵੀ ਨੂੰ 8'x8' ਦੀ ਗੁੰਬਦ ਨਮਾ ਸ਼ਕਲ ਦਾ ਅਸਥਾਨ ਬਣਿਆ ਜੋ ਅਜੇ ਤਕ ਮੌਜੂਦ ਹੈ ਪਰ ਇਸ ਦੀ ਕੋਈ ਸੰਭਾਲ ਨਾ ਹੋਈ । ਸੰਨ 1967 ਵਿਚ ਖਾਲਸਾ ਸੇਵਕ ਜਥਾ ਦੇ ਨਾਮ ਦੀ ਸੰਸਥਾ ਜੋ ਉਥੋਂ ਦੇ ਚੰਦ ਸਜਨਾਂ ਤੇ ਨਿਰਭਰ ਸੀ ਸੇਵਾ ਸੰਭਾਲ ਦਾ ਉਪਰਾਲਾ ਕੀਤਾ ਜਿਸ ਦਾ ਸਦਕਾ ਮਾਤਾ ਜੀ ਦਾ ਨਿਵਾਸ ਅਸਥਾਨ ਮੁਲ ਲੈ ਲਿਆ ਗਿਆ ਤੇ ਹੋਰ ਭੀ ਇਤਨੀ ਜਗ੍ਹਾ ਹੋ ਗਈ ਹੈ ਜਿਥੇ ਸ਼ੋਭਨੀਕ ਗੁਰਦਵਾਰਾ ਬਣ ਸਕਦਾ ਹੈ । ਪਰ ਇਹ ਕਾਰਜ ਕਰਤਾਰਪੁਰ ਨਿਵਾਸੀ ਚੰਦ ਸਜਨਾਂ ਦੀ ਹਿੰਮਤ ਤੋਂ ਬਾਹਰ ਹੈ ਇਸ ਲਈ ਸਮੂਹ ਸੰਗਤਾਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਇਸ ਸਮੇਂ ਏਥੇ ਜਗਤ ਮਾਤਾ ਗੁਜਰੀ ਲਾਇਬਰੇਰੀ ਚਲ ਰਹੀ ਹੈ ਜਿਸ ਵਿਚ 1200 ਦੇ ਕਰੀਬ ਪੁਸਤਕਾਂ ਹਨ ਜਿਹਨਾਂ ਤੋਂ ਬੱਚੇ ਬੱਚੀਆਂ ਤੇ ਸੰਗਤਾਂ ਲਾਭ ਉਠਾ ਰਹੀਆਂ ਹਨ ਤੇ ਇਸ ਗਿਆਨ ਭੰਡਾਰ ਵਿਚ 20 ਦੇ ਕਰੀਬ ਹੱਥ ਲਿਖਤਾਂ ਭੀ ਹਨ ਜਿਹਨਾਂ ਵਿਚ ਤਿੰਨ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਤੇ ਇਕ ਦਸਮ ਗਰੰਥ ਭੀ ਹੈ । ●

ਰੰਗ ਮੰਚ :

ਹਿੰਦ ਦੀ ਚਾਦਰ

ਅਵਤਾਰ ਸਿੰਘ

ਇਸ ਨਾਟਕ ਦਾ 25ਵਾਂ ਸ਼ੋ 23 ਨਵੰਬਰ ਨੂੰ ਪੰਜਾਬ ਕਲਾ ਮੰਚ ਇੰਟਰਨੈਸ਼ਨਲ ਵਲੋਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਖੇਡਿਆ ਗਿਆ। ਨਾਟਕ ਇਕ ਅਪੀਲ ਨਾਲ ਸ਼ੁਰੂ ਹੁੰਦਾ ਹੈ: ਸ਼ਬਦ ਗਾਇਨ ਵੇਲੇ ਦਰਸ਼ਕ ਸਿਰ ਤੇ ਕਪੜਾ ਰਖਨ ਦਾ ਯਤਨ ਕਰਨ। ਜੁਤੀਆਂ ਪਾ ਕੇ, ਕੁਰਸੀਆਂ ਤੇ ਬੈਠੇ ਦਰਸ਼ਕਾਂ ਨੂੰ ਅਜੀਬ ਜਿਹਾ ਲਗਦਾ ਹੈ। ਉਂਜ ਇਹ ਗਲ ਗੁਰੂ ਬਾਣੀ ਨੂੰ ਸਤਿਕਾਰ ਦੇਣ ਲਈ ਆਖੀ ਜਾਂਦੀ ਹੈ।

ਨਾਟਕ ਖੁਲੇ ਮੰਚ ਤੇ ਖੇਡਿਆ ਗਿਆ। ਮੰਚ ਅਗੇ ਪਰਦਾ ਨਹੀਂ ਹੁੰਦਾ। ਰੌਸ਼ਨੀ ਜਗਾ ਬੁਝਾ ਕੇ ਪਰਦੇ ਦਾ ਉਠਣਾ ਡਿਗਣਾ ਦਸਿਆ ਜਾਂਦਾ ਹੈ। ਮੰਚ ਦੇ ਸਜੇ ਪਾਸੇ ਛੋਟਾ ਜਿਹਾ ਇਕ ਚਬੂਤਰਾ ਹੈ। ਚਬੂਤਰੇ ਦੇ ਦੋਵੇਂ ਪਾਸੇ ਆਣ ਜਾਣ ਲਈ ਰਾਹ ਹਨ। ਖੱਬੇ ਪਾਸੇ ਕਿਸੇ ਕਿਲੇ ਵਰਗੀ ਇਮਾਰਤ ਦੇ ਦਰਵਾਜ਼ੇ ਦਾ ਪਰਭਾਵ ਦਿੰਦਾ ਇਕ ਦਰਵਾਜ਼ਾ ਹੈ। ਖਿਲਕੁਲ ਸਾਹਮਣੇ ਕਾਲੇ ਪਰਦੇ ਤੇ ਚਿਟੀ ਕ੍ਰਿਪਾਨ ਟੰਗੀ ਹੋਈ ਹੈ, ਤੇ ਦਲੇ ਖੜਾ ਹੈ ਕਲਾਕਾਰ। ਇਸ ਨੂੰ ਕਤਲ ਗਾਹ ਕਹਿੰਦੇ ਹਨ। ਮੰਚ ਦੇ ਬਿਲਕੁਲ ਅਗੇ ਵਿਚਕਾਰ ਇਕ ਹੋਰ ਥੜਾ ਹੈ।

ਨਾਟਕ ਕੁਛ ਇਸ ਤਰ੍ਹਾਂ ਹੈ। ਲੋਕ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਦਰਬਾਰ ਵਿਚ ਆਉਂਦੇ ਜਾਂਦੇ ਹਨ, ਤੇ ਸ਼ਬਦ ਕੀਰਤਨ ਹੁੰਦਾ ਹੈ। ਔਰੰਗਜ਼ੇਬ ਦੇ ਜਬਰ ਜ਼ੁਲਮ ਦੀਆਂ ਗਲਾਂ ਹੁੰਦੀਆਂ ਹਨ। ਇਹ ਗਲ ਦਰੋਗਾ ਤੇ ਉਸ ਦੇ ਸਾਥੀਆਂ ਦੀਆਂ ਹਰਕਤਾਂ ਤੇ ਗਲਬਾਤ ਰਾਹੀਂ ਦਰਸਾਈ ਜਾਂਦੀ ਹੈ। ਗੁਰੂ ਜੀ ਨੂੰ ਕੈਦ ਕਰ ਲਿਆ ਜਾਂਦਾ ਹੈ, ਤੇ ਔਰੰਗਜ਼ੇਬ ਦੀਆਂ ਸ਼ਰਤਾਂ ਨਾ ਮਨਣ ਤੇ ਸ਼ਹੀਦ ਕਰ ਦਿਤਾ ਜਾਂਦਾ ਹੈ। ਲੋਕਾਂ ਵਿਚ ਦਹਿਸ਼ਤ ਹੈ, ਗੁੱਸਾ ਹੈ ਉਹ ਜ਼ੁਲਮ ਦੇ ਖਿਲਾਫ ਬੋਲਣਾ ਚਾਹੁੰਦੇ ਹਨ। ਇਹ ਉਸ ਵੇਲੇ ਦੀ ਨਿਘੱਰ ਚੁੱਕੀ ਸਮਾਜੀ ਅਵਸਥਾ ਦੀਆਂ ਪ੍ਰਤੀਕ ਹਨ। ਸ਼ਹਾਦਤ ਤੋਂ ਬਾਅਦ ਕਾਲੀ ਬੋਲੀ ਹਨੇਰੀ ਆਉਂਦੀ ਹੈ, ਝੱਖੜ ਝੁਲਦੇ ਹਨ। ਇਸ ਦੌਰਾਨ ਗੁਰੂ ਜੀ ਦਾ ਸੀਸ ਤੇ ਧੜ ਅਚਾਨਕ ਗਾਇਬ ਹੋ ਜਾਂਦੇ ਹਨ। ਸ਼ੱਕੀ ਲੋਕਾਂ ਤੇ ਜਿਵੇਂ ਲਖੀ ਸ਼ਾਹ, ਮੁਸਲਮਾਨ ਸੂਫੀ ਫਕੀਰ ਤੇ ਉਸ ਦਾ 14 ਸਾਲ ਦਾ ਪੋਤਰਾ, ਤੇ ਇਕ ਪਾਗਲ ਔਰਤ ਤੇ ਕਾਜ਼ੀ ਵੋਹਰਾ ਦੀ ਅਦਾਲਤ ਵਿਚ ਮੁਕਦੱਮਾ ਚਲਾਇਆ ਜਾਂਦਾ ਹੈ। ਸਾਰੇ ਪਾਤਰ ਅਦਾਲਤ ਵਿਚ ਅਣਖ ਨਾਲ ਸਿਰ ਉਚਾ ਕਰਕੇ ਖਲੋਂਦੇ ਹਨ ਤੇ ਕਾਜ਼ੀ ਦੇ ਸਵਾਲਾਂ ਦਾ ਨਿਡਰਤਾ ਨਾਲ ਸੱਚ ਸੱਚ ਜਵਾਬ ਦਿੰਦੇ ਹਨ। ਇਸ ਤੇ ਉਹਨਾਂ ਨੂੰ ਮੌਤ ਦੀਆਂ ਸਜ਼ਾਵਾਂ ਸੁਣਾਈਆਂ ਜਾਂਦੀਆਂ ਹਨ। ਇਹ ਗਲਾਂ ਸ਼ਹਾਦਤ ਤੋਂ ਬਾਅਦ ਕੌਮ ਵਿਚ ਅਣਖ ਜਾਗਣ ਤੇ ਭੈਮੁਕਤ ਹੋਣ ਦੀਆਂ ਪ੍ਰਤੀਕ ਹਨ।

ਨਾਟਕ ਨੂੰ ਦੋ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ। ਸ਼ਹਾਦਤ ਤੋਂ ਪਹਿਲਾਂ ਤੇ ਸ਼ਹਾਦਤ ਤੋਂ ਬਾਅਦ ਦਾ ਹਿੱਸਾ। ਪਹਿਲੇ ਹਿਸੇ ਵਿਚ ਨਾਟਕ ਦੀ ਗਤੀ ਧੀਮੀ ਹੈ। ਬੋਲੀ ਦੇ ਟਾਈਮਿੰਗ ਦਾ ਪੂਰਾ ਗਿਆਨ ਨਾ ਹੋਣ ਕਰਕੇ ਤੇ ਵਾਰਤਾਲਾਪ ਵਿਚ ਉਰਦੂ ਦੇ ਭਾਰੇ ਲਫਜ਼ ਹੋਣ ਕਰਕੇ, ਬਹੁਤੇ ਕਲਾਕਾਰਾਂ ਦੀ ਵਾਰਤਾਲਾਪ ਅਦਾਇਗੀ ਕਮਜ਼ੋਰ ਹੈ। (ਸਾਰੇ ਕਲਾਕਾਰ ਪੰਜਾਬ ਦੇ ਵਖੋ ਵਖ ਸ਼ਹਿਰਾਂ ਦੇ ਮੰਨੇ ਹੋਏ ਐਕਟਰ ਸਨ)। ਚਿਹਰੇ ਦੇ ਪਰਭਾਵ ਵਾਰਤਾਲਾਪ ਨਾਲ ਇਕ ਸੁਰ ਨਹੀਂ ਸਨ ਰਹਿੰਦੇ।

ਰੌਸ਼ਨੀ ਕਲਾ ਜਿਸ ਦੇ ਆਸਰੇ ਪਰਦੇ ਨਹੀਂ ਸਨ ਲਾਏ ਗਏ, ਦਾ ਕਲਾਮਈ ਪ੍ਰਯੋਗ ਬਹੁਤ ਹੀ ਘਟ ਕੀਤਾ ਗਿਆ ਹੈ। ਸ਼ਾਇਦ ਨਿਰਦੇਸ਼ਕ ਹਰਪਾਲ ਟਿਵਾਣਾ ਨੂੰ ਰੌਸ਼ਨੀ ਕਲਾ ਦਾ ਬਹੁਤ ਘਟ ਗਿਆਨ ਹੈ। ਕਤਲ ਗਾਹ ਵਾਲੇ ਥਾਂ ਤੇ ਲਾਲ ਰੋਸ਼ਨੀ ਦਾ ਗੋਲਾ ਸੁਟ ਕੇ, ਗੁਰੂ ਜੀ ਦੀ ਸ਼ਹਾਦਤ ਨੂੰ ਬੜੇ ਅਸਰ ਭਰਪੂਰ ਢੰਗ ਨਾਲ ਦਿਖਾਇਆ ਜਾ ਸਕਦਾ ਸੀ। ਆਮ ਕਰਕੇ ਸਾਰੇ ਨਾਟਕ ਦੇ ਦੌਰਾਨ ਹੀ ਮੰਚ ਤੇ ਰੌਸ਼ਨੀ ਬਿਲਕੁਲ ਸਥਿਰ ਰਹਿੰਦੀ ਹੈ।

ਅੰਤਲਾ ਦ੍ਰਿਸ਼ "ਕਾਜ਼ੀ ਵੋਹਰਾ ਦੀ ਅਦਾਲਤ" ਖਾਸ ਤੌਰ ਤੇ ਸਲਾਹੁਣ ਯੋਗ ਸੀ। ਕਈ ਉਕਤੀਆਂ ਹੋਣ ਦੇ ਬਾਵਜੂਦ ਦਰਸ਼ਕਾਂ ਨੇ ਬਾਰ ਬਾਰ ਤਾੜੀਆਂ ਵਜਾ ਕੇ ਦ੍ਰਿਸ਼ ਨੂੰ ਸਵੀਕਾਰਿਆ। ਸ਼ਾਇਦ ਨਿਰਦੇਸ਼ਕ ਨੂੰ ਇਹ ਨਹੀਂ ਪਤਾ ਕਿ ਕਾਜ਼ੀ ਦਾ ਅਹੁਦਾ ਅਜਕਲ ਦੇ ਜੱਜ ਵਾਲਾ ਹੁੰਦਾ ਸੀ ਤੇ ਜੱਜ ਉਠ ਉਠ ਕੇ ਮੁਲਜ਼ਮਾਂ ਨੂੰ ਧੱਕੇ ਨਹੀਂ ਮਾਰਦੇ। ਕਲਾਕਾਰਾਂ ਵਿਚੋਂ ਗੁਰਦਾਸ ਮਾਨ (ਸੂਫੀ ਫਕੀਰ), ਕੁਲਦੀਪ ਅਸ਼ਕ (ਕਾਜ਼ੀ ਵੋਹਰਾ), ਗੁਰਿੰਦਰ ਬਾਜਵਾ (ਦਰੋਗਾ), ਕਪਿਲ ਬੇਰੀ (ਮੁਹਰੱਰ) ਵਰਨਣ ਯੋਗ ਹਨ। ਗੁਰਦਾਸ ਮਾਨ ਦੇ ਅਭਿਨੈ ਵਿਚ ਸੂਫੀ ਫਕੀਰਾਂ ਵਾਲਾ ਠਰਮਾ ਤੇ ਬੋਲਾਂ ਵਿਚ ਦ੍ਰਿੜਤਾ ਸੀ। ਕੁਲਦੀਪ ਅਸ਼ਕ ਤੇ ਗੁਰਿੰਦਰ ਬਾਜਵਾ ਦੀ ਆਵਾਜ਼ ਵਿਚ ਹਾਕਮਾਂ ਵਾਲਾ ਰੋਹਬ ਝਲਕਦਾ ਸੀ। ਕਪਿਲ ਬੇਰੀ ਨੇ ਪਠਾਣੀ ਲਹਿਜ਼ੇ ਵਿਚ ਪੰਜਾਬੀ ਬੋਲ ਕੇ ਤੇ ਆਪਣੇ ਆਂਗਿਕ ਅਭਿਨੈ ਨਾਲ ਦਰਸ਼ਕਾਂ ਨੂੰ ਵਾਹਵਾ ਹਸਾਇਆ। ਬੈਕ-ਗਰਾਉਂਡ ਸੰਗੀਤ ਕਿਤੇ ਕਿਤੇ ਦ੍ਰਿਸ਼ ਨੂੰ ਉਭਾਰਨ ਵਿਚ ਸਹਾਈ ਹੁੰਦਾ ਹੈ। ਨਾਟਕ ਦੀ ਸਭ ਤੋਂ ਵਡੀ ਸਿਫਤ ਹੈ, ਨਾਟਕਕਾਰ ਡਾ: ਹਰਚਰਨ ਸਿੰਘ ਦੇ ਲਿਖੇ ਹੋਏ ਸੁਸ਼ਕੱਤ ਵਾਰਤਾਲਾਪ। ਜਦੋਂ ਵੀ ਕਲਾਕਾਰਾਂ ਨੇ ਵਾਰਤਾਲਾਪ ਸੁਚੱਜੇ ਢੰਗ ਨਾਲ ਬੋਲੇ, ਦਰਸ਼ਕਾਂ ਨੇ ਭਰਪੂਰ ਤਾੜੀਆਂ ਵਜਾਈਆਂ ਡਾ: ਸਾਹਿਬ, ਹਰਪਾਲ ਟਿਵਾਣਾ ਤੇ ਉਹਨਾਂ ਦੇ ਸਾਥੀ ਕਲਾਕਾਰ ਜਿਹੜੇ ਕਿ ਪੰਜਾਬੀ ਕਲਚਰ ਦੇ ਕੁਝ ਨਮੂਨੇ ਲੈ ਕੇ ਬਾਹਰਲੇ ਦੇਸ਼ਾਂ ਵਿਚ ਜਾ ਰਹੇ ਹਨ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਮੰਚ ਰਾਹੀਂ ਲੋਕਾਂ ਤਾਈਂ ਪਹੁੰ-ਚਾਉਣ ਲਈ ਵਧਾਈ ਦੇ ਹਕਦਾਰ ਹਨ। ●

ਸਾਹਿਤ ਸਮਾਚਾਰ

ਪੰਜਾਬੀ ਸਾਹਿਤ ਸਭਾ, ਸਮਰਾਲਾ

ਬੀਤੇ ਦਿਨ ਸਮਰਾਲਾ ਵਿਖੇ ਸਮਰਾਲਾ ਤੇ ਲੁਧਿਆਣਾ ਇਲਾਕਾ ਦੇ ਸਾਹਿਤਕਾਰਾਂ ਦਾ ਇਕ ਵਿਸ਼ਾਲ ਇਕੱਠ ਹੋਇਆ। ਪ੍ਰੋ: ਹਮਦਰਦਵੀਰ ਨੌਸ਼ਹਿਰਵੀ ਦੇ ਨਵੇਂ-ਕਹਾਣੀ ਸੰਗ੍ਰਹਿ "ਸਲੀਬ ਉਤੇ ਟੰਗਿਆ ਮਨੁਖ" ਉਤੇ ਕੁਲਵੰਤ ਨੀਲੋਂ ਨੇ ਪੇਪਰ ਪੜਿਆ। ਪੇਪਰ ਉਤੇ ਬਹਿਸ ਵਿਚ ਅਸੀਮ ਕਟਾ-ਲਵੀ, ਕਰਮ ਮਹਿਤਾਬ, ਰਘਬੀਰ ਸਿੰਘ ਭਰਤ, ਜਗਜੀਤ, ਨਰਿੰਦਰ ਨੂਰਾਨੀ ਤੇ ਪ੍ਰੋ: ਨੌਸ਼ਹਿਰਵੀ ਨੇ ਭਾਗ ਲਿਆ। ਇਸ ਤੋਂ ਉਪਰੰਤ ਪੰਜਾਬੀ ਸਾਹਿਤ ਸਭਾ ਸਮਰਾਲਾ ਦੀ ਸਲਾਨਾ ਚੋਣ ਦਾ ਫੈਸਲਾ ਇਸ ਪ੍ਰਕਾਰ ਹੋਇਆ :—

ਪ੍ਰਧਾਨ	ਪ੍ਰੋ: ਹਮਦਰਦਵੀਰ ਨੌਸ਼ਹਿਰਵੀ
ਮੀਤ ਪ੍ਰਧਾਨ	ਸੁਰਿੰਦਰ ਰੁਮਾਨੀ
ਸਕੱਤਰ	ਅੰਮ੍ਰਿਤ ਰਾਮਪੁਰੀ
ਮੀਤ ਸਕੱਤਰ	ਕਰਿਸ਼ਨ ਭਨੋਟ

ਇਸ ਤੋਂ ਉਪਰੰਤ ਸਭਾ ਨੇ ਫੈਸਲਾ ਕੀਤਾ ਕਿ ਜਨ-ਵਰੀ ਵਿਚ ਪੰਜਾਬ ਪੱਧਰ ਦਾ ਪੰਜਾਬੀ ਕਹਾਣੀ ਦਰਬਾਰ ਕੀਤਾ ਜਾਵੇ। ਸਭਾ ਦੇ ਦੋ ਅਧਿਕਾਰੀਆਂ ਦੀਆਂ ਨਵ-ਕਹਾਣੀ ਪੁਸਤਕਾਂ "ਸਲੀਬ ਉਤੇ ਟੰਗਿਆ ਮਨੁਖ" (ਪ੍ਰੋ: ਹਮਦਰਦ-ਵੀਰ ਨੌਸ਼ਹਿਰਵੀ) ਤੇ "ਸਮਾਜ ਤੇ ਗੁਨਾਹ" (ਅੰਮ੍ਰਿਤ ਰਾਮ-ਪੁਰੀ) ਉਤੇ ਰਘਬੀਰ ਸਿੰਘ ਭਰਤ ਪਾਸੋਂ ਪਰਚਾ ਲਖਵਾਕੇ ਪੜ੍ਹਾਇਆ ਜਾਵੇ। —ਅਸੀਮ ਕਟਾਲਵੀ

ਪੰਜਾਬੀ ਚਿੰਤਨ ਸਭਾ ਸਮਰਾਲਾ ਦੀ ਸਥਾਪਨਾ

ਮਿਤੀ 2. 12. 75. ਨੂੰ ਸਮਰਾਲਾ ਸ਼ਹਿਰ ਦੇ ਸਾਹਿਤਕਾਰਾਂ ਦੀ ਇਕ ਇਕਤ੍ਰਤਾ ਹੋਈ ਜਿਸ ਵਿਚ ਗੰਭੀਰ ਵਿਚਾਰ ਵਟਾਂਦਰੇ ਤੋਂ ਪਿਛੋਂ ਫੈਸਲਾ ਹੋਇਆ ਕਿ ਕੇਵਲ ਭਾਸ਼ਾ ਦੀ ਉਨਤੀ ਲਈ ਇਕ ਅਜੇਹੀ 'ਪੰਜਾਬੀ ਚਿੰਤਨ' ਸਭਾ ਸਮਰਾਲਾ' ਸਥਾਪਿਤ ਕੀਤੀ ਜਾਵੇ ਜਿਸ ਦਾ ਕਿਸੇ ਵੀ ਰਾਜ-ਨੀਤਕ ਪਾਰਟੀ ਨਾਲ ਕੋਈ ਸੰਬੰਧ ਨਾਂ ਹੋਵੇ ਤੇ ਨਰੋਲ ਸਾਹਿ-ਤਕ ਲੀਹਾਂ ਤੇ ਹੀ ਚਲੇ। ਸਰਬ ਸੰਮਤੀ ਨਾਲ ਪ੍ਰੋ: ਇੰਦ੍ਰੇ ਨੂੰ ਪਰਧਾਨ, ਸ: ਅਮਰਜੀਤ ਗਰੇਵਾਲ ਨੂੰ ਮੀਤ ਪਰਧਾਨ, ਸ: ਗੁਰਦੇਵ ਸਿੰਘ ਪੰਦੋਹਲ ਨੂੰ ਜਨਰਲ ਸਕੱਤਰ, ਮਿ: ਗੋਰੀਆ ਨੂੰ ਸਕੱਤਰ, ਸ: ਗੁਰਦਿਆਲ ਸਿੰਘ ਨੂੰ ਖ਼ਜ਼ਾਨਚੀ ਅਤੇ ਮਿ: ਸਰੋਦ ਸੁਦੀਪ ਅਤੇ ਮਿ: ਯਾਦ ਨੂੰ ਐਗਜ਼ੈਕਟਿਵ ਦੇ ਮੈਂਬਰ ਚੁਣ ਲਿਆ ਗਿਆ।

ਅੰਤ ਵਿਚ ਮਿ: ਸਰੋਦ ਨੇ ਕਵਿਤਾ 'ਅਜਨਬੀ' ਪੜ੍ਹੀ ਜਿਸਦਾ ਇਕ ਪੜਚੋਲਵਾਂ ਸਰਵੇਖਣ ਕਰਨ ਉਪਰੰਤ ਕਾਫ਼ੀ ਸ਼ਲਾਘਾ ਹੋਈ।

ਗੁਰਦੇਵ ਸਿੰਘ ਪੰਦੋਹਲ,
ਜਨਰਲ ਸਕੱਤਰ,
ਪੰਜਾਬੀ ਚਿੰਤਨ ਸਭਾ, ਸਮਰਾਲਾ।

ਪ੍ਰਤੀਨਿਧ ਪੰਜਾਬੀ ਕਹਾਣੀ

(1970 ਤੋਂ ਬਾਅਦ ਦੀ ਸਹੀ ਪੰਜਾਬੀ ਕਹਾਣੀ ਦੀ ਤਲਾਸ਼)

ਪ੍ਰੋ. ਹਮਦਰਦ ਵੀਰ ਨੌਸ਼ਹਿਰਵੀ ਵਲੋਂ ਸੰਪਾਦਿਤ ਕੀਤੇ ਜਾ ਰਹੇ ਇਸ ਉਤਕ੍ਰਿਸ਼ਟ ਕਹਾਣੀ ਸੰਗ੍ਰਹਿ ਲਈ ਕਹਾਣੀਕਾਰ ਆਪਣੀ ਇਕ ਸਭ ਤੋਂ ਵਧੀਆ ਕਹਾਣੀ (ਛਪੀ ਜਾਂ ਅਣਛਪੀ) ਭੇਜਣ, ਨਾਲ ਇਹਨਾਂ ਸਵਾਲਾਂ ਦੇ ਉੱਤਰ ਵੀ ਜ਼ਰੂਰ ਲਿਖਣ। ਇਹ ਉਤਰ ਹਰ ਕਹਾਣੀ ਦੇ ਨਾਲ ਛਾਪੇ ਜਾਂਦੇ ਹਨ।

(1) ਇਹ ਕਹਾਣੀ ਉਹਨਾਂ ਦੀ ਸਭ ਤੋਂ ਵਧੀਆ ਕਹਾਣੀ ਕਿਉਂ ਹੈ?

(2) ਲਿਖਣ ਲਗੇ ਉਹ ਕਿਸ ਧਾਰਾ ਪ੍ਰਤੀ ਵਚਨ ਬੱਧ ਹੈਨ?

ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ (ਪੰਜਾਬ)



ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਧਰਮ ਪਤਨੀ ਮਾਤਾ ਜਗਜੀਤ ਕੌਰ ਪਿਛਲੇ ਦਿਨੀਂ ਅਕਾਲ ਚਲਾਨਾ ਕਰ ਗਏ ਹਨ। ਉਹਨਾਂ ਨੇ ਸ: ਗੁਰਬਖਸ਼ ਸਿੰਘ ਜੀ ਨੂੰ ਉਮਰ ਤਕ ਸੁਚੱਜਾ ਸਾਥ ਦਿਤਾ ਹੈ। ਮਾਤਾ ਜੀ ਇਕ ਅਸਾਧਾਰਨ ਔਰਤ ਸਨ। ਉਹਨਾਂ ਦੇ ਤਪ ਤਿਆਗ ਅਤੇ ਪ੍ਰੇਰਣਾ ਦੇ ਆਸਰੇ ਹੀ ਸ: ਗੁਰਬਖਸ਼ ਸਿੰਘ ਜੀ ਨੇ ਦੇਸ਼ ਦੇਸ਼ਾਂਤਰਾਂ ਦਾ ਰਟਨ ਕੀਤਾ। ਉਹਨਾਂ ਪੰਜਾਬੀ ਜਗਤ ਨੂੰ ਇਕ ਉਚਤਮ ਸਾਹਿਤਕ ਅਦਾਰਾ ਪ੍ਰੀਤਲੜੀ ਦਿਤਾ ਅਤੇ ਉਹ ਪੰਜਾਬੀ ਸਾਹਿਤ ਦੇ ਪਿਤਾਮਾ ਕਹਿਲਾਏ। ਸ: ਗੁਰਬਖਸ਼ ਸਿੰਘ ਜੀ ਦੀ ਜਾਦੂਈ ਲੇਖਣੀ ਨੇ ਹਜ਼ਾਰਾਂ ਪਾਠਕਾਂ ਦੇ ਦਿਲ ਤੇ ਅਸਰ ਕੀਤਾ। ਉਹਨਾਂ ਦੇ ਅ ਦਰਸ਼ਮਈ ਲੇਖ ਪੜ੍ਹ ਕੇ ਅਨੇਕਾਂ ਨੇ ਅਪਣੇ ਜੀਵਨ ਢੰਗ ਨੂੰ ਬਦਲਿਆ ਅਤੇ ਨਵੀਆਂ ਸੰਭਾਵਨਾਵਾਂ ਦੇ ਦਰ ਖੋਲੇ। ਇਸ ਸਾਰੇ ਕਾਸੇ ਦੇ ਪਿਛੇ ਮਾਤਾ ਜੀ ਦੀ ਪਿਆਰੀ ਤੇ ਖਾਮੋਸ਼ ਸ਼ਖਸੀਅਤ ਦਾ ਸਹਿਯੋਗ ਸੀ।

ਉਹਨਾਂ ਦੇ ਨਿਧਨ ਨਾਲ ਪ੍ਰੀਤ ਲੜੀ ਪਰਵਾਰ ਨੂੰ ਬਹੁਤ ਵਡੀ ਸਟ ਵਜੀ ਹੈ ਅਤੇ ਉਹਨਾਂ ਦਾ ਖਪਾ ਪੂਰਿਆ ਨਹੀਂ ਜਾਣਾ। ਅਸੀਂ ਸ: ਗੁਰਬਖਸ਼ ਸਿੰਘ ਜੀ, ਨਵਤੇਜ ਜੀ, ਹਿਰਦੇਪਾਲ ਜੀ, ਬੀਬੀ ਉਰਮਲਾ, ਜਗਜੀਤ ਸਿੰਘ ਅਨੰਦ ਸਹਿਤ ਸਾਰੇ ਪਰਿਵਾਰ ਅਤੇ ਹਜ਼ਾਰਾਂ ਪ੍ਰੀਤ ਪਾਠਕਾਂ ਦੇ ਇਸ ਦੁਖ ਵਿਚ ਸ਼ਾਮਲ ਹੁੰਦੇ ਹੋਏ ਕਾਮਨਾ ਕਰਦੇ ਹਾਂ ਕਿ ਪ੍ਰੀਤ ਪਰਵਾਰ ਇਸ ਸੱਟ ਨੂੰ ਹੌਸਲੇ ਨਾਲ ਬਰਦਾਸ਼ਤ ਕਰਦਾ ਹੋਇਆ ਅਪਣੇ ਆਦਰਸ਼ਾਂ ਵਲ ਯਤਨਸ਼ੀਲ ਰਹੇਗਾ।



ਇਹ ਅਜੀਬ ਹੀ ਮੇਲ ਸੀ ਕਿ ਡਾ: ਸੱਤ ਟੰਡਨ ਬਾਰੇ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦਾ ਲੇਖ ਜਦੋਂ ਛਪਣ ਲਈ ਜਾ ਚੁਕਾ ਸੀ ਤਾਂ ਇਹ ਦੁਖਦਾਈ ਖਬਰ ਪੁਜੀ ਕਿ ਉਹਨਾਂ ਦਾ ਦੇਹਾਂਤ ਹੋ ਗਿਆ ਹੈ। ਉਹ ਬੜੇ ਪਿਆਰੇ ਸੁਹਿਰਦ ਅਤੇ ਹਮਦਰਦ ਮਿੱਤਰ ਸਨ। 'ਵਰਿਆਮ' ਦਾ ਪਹਿਲਾ ਅੰਕ ਵੇਖ ਕੇ ਉਹਨਾਂ ਇਸ ਲਈ ਸ਼ੁਭ ਇਛਾਵਾਂ ਦਿਤੀਆਂ ਸਨ। ਰੂਸ ਅਤੇ ਭਾਰਤ ਵਿਚ ਦੋਸਤੀ ਦੇ ਖੇਤਰ ਵਿਚ ਉਹਨਾਂ ਦਾ ਬਹੁਤ ਉਘਾ ਯੋਗ ਦਾਨ ਹੈ। ਉਹਨਾਂ ਦਾ ਦਿਲ ਅਤ ਜੇਬਾਂ ਹਮੇਸ਼ਾ ਗਰੀਬ ਅਤੇ ਮਜ਼ਦੂਰ ਵਰਗ ਲਈ ਖੁਲੇ ਰਹਿੰਦੇ ਸਨ। ਅਸੀਂ ਉਹਨਾਂ ਦੇ ਸ਼ੋਕਮਈ ਚਲਾਣੇ ਤੇ ਅਫਸੋਸ ਪਰਗਟ ਕਰਦੇ ਹੋਏ ਉਹਨਾਂ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ।

.....ਤੁਹਾਡਾ ਪੰਨਾ

ਜਗਦੀਸ਼ ਪਿਆਰੇ,

ਸਯੋਗ ਯਤਨ ਲਈ ਬਹੁਤ ਬਹੁਤ ਵਧਾਈ।

'ਵਰਿਆਮ' ਦਾ ਪਲੇਠਾ ਅੰਕ ਪੜ੍ਹਿਆ। ਪ੍ਰੀਤਮ ਸਿੰਘ ਵੀ ਨੇ ਰੁੱਖੇ ਮਸਲੇ ਨੂੰ ਦਿਲਚਸਪ ਢੰਗ ਨਾਲ ਪੇਸ਼ ਕੀਤਾ। ਦਲਬੀਰ ਦੀਆਂ ਡਰੀਟਾਂ ਮੌਡਰਨ ਆਰਟ ਬਣਾਉਂਦੀਆਂ ਨ। ਵਿਰਦੀ ਭਾਵੁਕਤਾ ਵਿਚ ਹੀ 'ਥਿਰਕਦਾ' ਰਹਿੰਦਾ ਹੈ। ਬ ਕਰੇ ਤੁਲੀ ਦੀ ਆਸ ਪੂਰੀ ਹੋਵੇ। 'ਚਰਨ' ਜੇ ਆਪ ਹੀ ਹਿਣ ਲੱਗ ਪਿਆ, 'ਬਕਵਾਸ ਬੰਦ' ਤਾਂ ਫਿਰ ਲੋਕੀ ਕੀ ਹਿਣਗੇ ? 'ਦਾਜ ਬਾਰੇ ਕਾਨੂੰਨ' ਤੋਂ ਪਤਾ ਲਗਦਾ ਹੈ ਸੀਂ ਆਪਣੇ ਸਮਾਜੀ ਫਰਜ਼ ਬਾਰੇ ਕਿੰਨੇ ਸੁਚੇਤ ਹੋ। ਾਈਟਲ ਤੇ ਪ੍ਰਕਾਸ਼ ਦੀਆਂ ਬਣਾਈਆਂ ਹੋਈਆਂ ਅੱਖਾਂ ਰਿਆਮੇ ਡਾਕੂ ਦੀਆਂ ਲਗਦੀਆਂ ਹਨ। ਜੇ ਫੀਚਰ ਹੋਰ ੀ ਹੋਣ ਤਾਂ ਚੰਗਾ ਰਹੇਗਾ। ਆਸ ਹੈ 'ਵਰਿਆਮ' ਪੰਜਾਬੀ ੱਤਰਕਾਰੀ ਵਿਚ ਨਵੀਆਂ ਸੰਭਾਵਨਾਵਾਂ ਲੈ ਕੇ ਆਵੇਗਾ।

ਲੰਧਰ ਅਵਤਾਰ ਸਿੰਘ

ਸਯੋਗ ਜਗਦੀਸ਼ ਸਿੰਘ ਜੀ,

'ਵਰਿਆਮ' ਦੇ ਪਹਿਲੇ ਹੀ ਅੰਕ ਨਾਲ ਤੁਸਾਂ ਸਾਨੂੰ [illegible] ਕੀਤਾ, ਧੰਨਵਾਦੀ ਹਾਂ। ਹੁਣ ਮੈਂ ਕਹਾਂ ਕਿ ਪਰਚੇ ਹਰ ਚੀਜ਼ ਪਸੰਦ ਆਈ ਤਾਂ ਇਹ......ਪਰ ਬਹੁਤੀਆਂ [illegible] ਚੰਗੀਆਂ ਲਗੀਆਂ ਤੇ ਕੁਝ ਬਹੁਤ ਹੀ ਚੰਗੀਆਂ। [illegible]ਬੀ ਜ਼ਬਾਨ ਲਈ ਹਰ ਨਵਾਂ ਉੱਦਮ ਇਸ ਗੱਲ ਦਾ [illegible]ਹ ਹੈ ਕਿ ਸਾਡਾ ਸਾਹਿਤ, ਸੰਸਾਰ ਸਾਹਿਤ 'ਚ ਆਪਣਾ [illegible] ਜ਼ਰੂਰ ਪ੍ਰਾਪਤ ਕਰੇਗਾ। ਬਾਬਾ ਜਗਜੀਤ ਸਿੰਘ ਜੀ [illegible]) ਤੇ ਸਾਥੀ ਜਗਜੀਤ ਆਨੰਦ (ਪ੍ਰੰਪਰਾ ਤੇ ਭਵਿਸ਼) [illegible] ਗੱਲਾਂ ਨਾਲ ਸਹਿਮਤ ਹਾਂ।

ਮੇਰੇ ਯੋਗ ਸੇਵਾ ?

ਤੁਹਾਡਾ

ਪ੍ਰੀਤਮ ਬੇਲੀ

''ਵਰਿਆਮ ਦੇ ਜਨਮ ਦੀ ਬਹੁਤ ਬਹੁਤ ਵਧਾਈ ਹੋਵੇ। ਸਚੇ ਪਾਤਸ਼ਾਹ ਇਸ ਨੂੰ ਚਿਰੰਜੀਵ ਰਖਣ ਦੀ ਕਿਰਪਾ ਕਰਨ।

ਮੈਨੂੰ ਵਰਿਆਮ ਦੇ ਨਿਕਲਣ ਦੀ ਬਹੁਤ ਖੁਸ਼ੀ ਹੋਈ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਇਸ ਦਾ ਸਟੈਂਡਰਡ ਕਾਫ਼ੀ ਉਚਾ ਰਖੋਗੇ। ਜਤਨ ਕਰਕੇ ਚੰਗੇ ਲਿਖਾਰੀਆਂ ਦੇ ਲੇਖ ਪ੍ਰਾਪਤ ਕਰਕੇ ਛਾਪੋ ਤੇ ਪਰਚੇ ਨੂੰ ਕਿਸੇ ਭੀ ਰਾਜਨੀਤਕ ਦਲ ਦੇ ਹਥਾਂ ਦੀ ਕਠਪੁਤਲੀ ਨਹੀਂ ਬਣਨ ਦੇਣਾ। ਤਟਸਥ ਰਹਿਣਾ ਹੀ ਸਫਲਤਾ ਦੀ ਕੁੰਜੀ ਹੈ।

ਦਾਸ

ਕਾਨਪੁਰ-208022 ਮਿਹਰ ਸਿੰਘ

ਪਿਆਰੇ ਜਗਦੀਸ਼ ਸਿੰਘ ਜੀ

ਕਲ ''ਵਰਿਆਮ'' ਦਾ ਪਰਚਾ ਮਿਲਿਆ ਤੇ ਪਰਚੇ ਨਾਲ ਕਈ ਯਾਦਾਂ ਸਾਕਾਰ ਹੋ ਗਈਆਂ।

ਪਰਚਾ ਮਿਲ ਗਿਆ ਤੇ ਮੈਂ ਤੁਹਾਡੇ ਉਦਮ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦਾ। ਇਸ ਕਠਨ ਯੁਗ ਵਿਚ ਤੁਸਾਂ ਇਹ ਉਪਰਾਲਾ ਕੀਤਾ ਹੈ। ਵਧਾਈ ਹੋਵੇ।

ਬਚੇ ਦੇ ਜੰਮਣ ਉਤੇ ਸਾਰੇ ਬੱਚੇ ਹੀ ਸੋਹਣੇ ਲਗਦੇ ਹਨ ਤੇ ਵੇਖਣ ਵਾਲੀ ਇਹ ਗਲ ਹੁੰਦੀ ਹੈ ਕਿ ਉਸ ਦੀ ਨੁਹਾਰ ਕਿਸ ਤਰ੍ਹਾਂ ਦੀ ਨਿਕਲਦੀ ਹੈ। ਸਤਿਗੁਰ ਤੁਹਾਨੂੰ ਕਾਮਯਾਬੀ ਬਖਸ਼ੇ।

ਬੂਟਾ ਸਿੰਘ, ਦਿਲੀ